ਅਧਿਆਇ ਦੂਜਾ

ਛੰਦ

ਪੁਰਾਤਨ ਕਾਲ ਤੋਂ ਛੰਦ ਨੂੰ ਕਵਿਤਾ ਦਾ ਜ਼ਰੂਰੀ ਤੱਤ ਮੰਨਿਆ ਗਿਆ ਹੈ। ਛੰਦ-ਸ਼ਾਸਤਰ ਦਾ ਗਿਆਨ ਕਵੀ ਦਾ ਵੱਡਾ ਗੁਣ ਮੰਨਿਆ ਜਾਂਦਾ ਸੀ। ਇਸ ਲਈ ਪੁਰਾਤਨ ਅਤੇ ਮੱਧ-ਕਾਲ ਵਿੱਚ ਛੰਦ ਤੋਂ ਬਿਨਾਂ ਕਵਿਤਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਛੰਦ ਬਾਰੇ ਦੁਨੀਆਂ ਦੀ ਹਰੇਕ ਭਾਸ਼ਾ ਦੇ ਸਾਹਿਤ ਵਿੱਚ ਚਰਚਾ ਹੁੰਦੀ ਆ ਰਹੀ ਹੈ। ਭਾਰਤ ਵਿੱਚ ਛੰਦ ਬਹੁਤ ਮਹੱਤਵਪੂਰਨ ਅਤੇ ਜ਼ਰੂਰੀ ਵਿੱਦਿਆ ਸੀ ਜਿਸ ਨੂੰ ਉਦੋਂ ਛੰਦ ਸ਼ਾਸਤਰ ਦਾ ਨਾਂ ਦਿੱਤਾ ਜਾਂਦਾ ਸੀ। ਪਿੰਗਲ ਰਿਸ਼ੀ ਸੰਸਕ੍ਰਿਤ ਦਾ ਇੱਕ ਪ੍ਰਸਿੱਧ ਵਿਦਵਾਨ ਹੋਇਆ ਹੈ। ਉਸ ਨੇ ਸੰਸਕ੍ਰਿਤ ਦੇ ਛੰਦਾਂ ਦੇ ਨਿਯਮਾਂ ਦਾ ਵਰਨਣ ਆਪਣੇ ਗ੍ਰੰਥ 'ਛੰਦ-ਸੂਤਰ' ਵਿੱਚ ਕੀਤਾ। ਪਿੰਗਲ ਰਿਸ਼ੀ ਦੀ ਰਚਨਾ ਹੋਣ ਕਾਰਨ ਛੰਦ-ਸ਼ਾਸਤਰ ਨੂੰ "ਪਿੰਗਲ" ਹੀ ਕਹਿ ਦਿੱਤਾ ਜਾਂਦਾ ਹੈ। ਜਿਵੇਂ ਇੱਕ ਪੰਜਾਬੀ ਦੀ ਕਹਾਵਤ ਹੈ-

"ਪਿੰਗਲ ਬਾਝ ਕਵੀਸ਼ਰੀ ਗੀਤਾਂ ਬਾਝ ਗਿਆਨ"

ਕਵਿਤਾ ਦੇ ਪ੍ਰਭਾਵ ਵਿੱਚ ਛੰਦ ਦਾ ਆਪਣਾ ਖ਼ਾਸ ਤਰ੍ਹਾਂ ਦਾ ਮਨੋਵਿਗਿਆਨਿਕ ਯੋਗਦਾਨ ਹੁੰਦਾ ਹੈ। ਕਵਿਤਾ ਸਿਰਜਨਾ ਵਿੱਚ ਛੰਦ ਦੀ ਜੁਗਤ ਨੂੰ ਪ੍ਰਭਾਵਸ਼ਾਲੀ ਜੁਗਤ ਮੰਨਿਆ ਜਾਂਦਾ ਹੈ ਕਿਉਂਕਿ ਛੰਦ --

- ਕਵਿਤਾ ਦੇ ਭਾਵਾਂ ਤੇ ਖ਼ਿਆਲਾਂ ਨੂੰ ਤਿੱਖਾ ਕਰਦੇ ਹਨ।
- ਭਾਵਾਂ ਤੇ ਖ਼ਿਆਲਾਂ ਨੂੰ ਇੱਕ ਲੜੀ ਵਿੱਚ ਪਰੋਂਦੇ ਹਨ।
- ਕਵਿਤਾ ਨੂੰ ਸੱਜਰਾਪਣ ਤਾਜ਼ਗੀ ਬਖ਼ਸ਼ਦੇ ਹਨ।
- ਕਵਿਤਾ ਦੇ ਪ੍ਰਭਾਵ ਵਿੱਚ ਵਾਧਾ ਕਰਦੇ ਹਨ।
- ਕਵਿਤਾ ਨੂੰ ਰਸ ਤੇ ਰਾਗ ਪੈਦਾ ਕਰਦੇ ਹਨ।
- ਕਵੀ ਅਤੇ ਪਾਠਕ ਵਿੱਚ ਸੁਖਾਵਾਂ ਰਿਸ਼ਤਾ ਕਾਇਮ ਕਰਦੇ ਹਨ।

'ਛੰਦ' ਕਵਿਤਾ ਦਾ ਅਹਿਮ ਤੱਤ ਹੈ ਜਿਸ ਨਾਲ਼ ਕਵਿਤਾ ਵਿੱਚ ਅੰਦਰਲਾ ਅਤੇ ਬਾਹਰਲਾ ਅਨੁਸ਼ਾਸਨ ਆ ਜਾਂਦਾ ਹੈ। ਛੰਦ, ਆਮ/ਸਮਾਨਯੰ ਭਾਸ਼ਾ ਵਿੱਚੋਂ ਪੈਦਾ ਹੋਈ ਵਿਸ਼ੇਸ਼ ਭਾਸ਼ਾ ਹੈ ਜਿਸ ਵਿੱਚੋਂ ਭਾਸ਼ਾਈ ਸੰਗੀਤ ਉਪਜਦਾ ਹੈ। ਭਾਸ਼ਾ 'ਛੰਦ' ਦੇ ਸਾਂਚੇ ਵਿੱਚ ਢਲ਼ ਕੇ ਸੁਹਜ/ਸੌਂਦਰਯ ਪੈਦਾ ਕਰਦੀ ਹੈ। ਅਸੀਂ ਕਹਿ ਸਕਦੇ

ਹਾਂ ਕਿ ਕਵਿਤਾ ਵਿੱਚ ਪੇਸ਼ ਕੀਤੀਆਂ ਭਾਸ਼ਾਈ ਧੁਨੀਆਂ ਦਾ ਨੇਮ–ਬੱਧ ਸੰਗਠਨ ਹੀ 'ਛੰਦ' ਹੈ। ਜਾਂ "ਕਵਿਤਾ ਵਿੱਚ ਮਾਤਰਾਂ ਜਾਂ ਵਰਨਾਂ ਦੀ ਖ਼ਾਸ ਵਿਉਂਤ ਨਾਲ਼ ਜੋ ਸੁਰ–ਤਾਲ ਤੇ ਤੁਕਾਂਤ-ਮੇਲ ਹੁੰਦਾ ਹੈ, ਉਹ ਛੰਦ ਹੈ।"

ਭਾਵੇਂ ਆਧੁਨਿਕ ਕਾਵਿ ਵਿੱਚ 'ਮੁਕਤ ਛੰਦ' ਕਵਿਤਾ ਲਿਖਣ ਦਾ ਰੁਝਾਨ ਹੈ ਪਰ ਇਸ ਨਾਲ਼ 'ਕਾਵਿ–ਭਾਸ਼ਾ' ਦੀ ਜ਼ੁੰਮੇਵਾਰੀ ਅਤੇ ਮਹੱਤਵ ਵਧਿਆ ਹੈ। ਨਿਰਸੰਦੇਹ ਸ੍ਰੇਸ਼ਠ ਕਵਿਤਾ 'ਛੰਦ' ਮੁਕਤ ਵੀ ਹੋ ਸਕਦੀ ਹੈ ਅਤੇ 'ਛੰਦ–ਯੁਕਤ ਵੀ'। ਪਰੰਤੂ ਕਵਿਤਾ ਵਿੱਚ ਛੰਦ ਦਾ ਮਹੱਤਵ ਬਣਿਆ ਹੋਇਆ ਹੈ ਅਤੇ ਬਣਿਆ ਰਹੇਗਾ।

ਪਰਿਭਾਸ਼ਕ ਸ਼ਬਦ

ਵਰਨ : 'ਛੰਦਾਬੰਦੀ' ਵਿੱਚ ਗੁਰਮੁਖੀ ਵਰਨਮਾਲਾ (ਪੈਂਤੀ) ਦੇ ਹਰ ਅੱਖਰ ਨੂੰ ਵਰਨ ਕਿਹਾ ਜਾਂਦਾ ਹੈ ਜਿਵੇਂ:

ਕ,ਖ, ਗ, ਘ,ਚ, ਛ, ਬ, ਭ ਆਦਿ।

ਲਗਾਂ : ਲਗਾਂ ਸੂਰ ਧੁਨੀਆਂ ਨੂੰ ਅੰਕਿਤ ਕਰਨ ਵਾਲ਼ੇ ਲਿਪੀ ਚਿੰਨ੍ਹ ਹਨ। ਲਗਾਂ ਦਾ ਅੱਖਰਾਂ ਤੋਂ ਬਿਨਾਂ ਪ੍ਰਯੋਗ ਨਹੀਂ ਹੁੰਦਾ। ਗੁਰਮੁਖੀ ਵਰਨਮਾਲ਼ਾ ਦੇ ਅੱਖਰਾਂ ਨਾਲ਼ ਲੱਗਦੀਆਂ ਲਗਾਂ ਦਾ ਵੇਰਵਾ ਇਹ ਹੈ –

ਮੁਕਤਾ	–	ਦੁਲਾਵਾਂ	ੈ
ਕੰਨਾ	ਾ	ਹੋੜਾ	ੋ
ਸਿਹਾਰੀ	ਿ	ਕਨੌੜਾ	ੌ
ਬਿਹਾਰੀ	ੀ	ਟਿੱਪੀ	ੰ
ਔਂਕੜ	ੁ	ਬਿੰਦੀ	ਂ
ਦੁਲੈਂਕੜ	ੂ	ਅਧਕ	ੱ
ਲਾਂ	ੇ		

*ਮੁਕਤਾ ਸੂਰ ਧੁਨੀ ਨੂੰ ਕਹਿੰਦੇ ਹਨ ਪਰ ਇਸ ਦਾ ਕੋਈ ਚਿੰਨ ਨਹੀਂ ਹੈ। ਪੰਜਾਬੀ ਲਿਖਣ ਵੇਲ਼ੇ ਜਿਹੜੇ ਅੱਖਰਾਂ ਨੂੰ ਕੋਈ ਲਗ ਨਹੀਂ ਲੱਗਦੀ, ਉਹਨਾਂ ਨੂੰ ਮੁਕਤਾ ਵਾਲ਼ੇ ਅੱਖਰ ਮੰਨਿਆ ਜਾਂਦਾ ਹੈ। ਅਜਿਹੇ ਅੱਖਰਾਂ ਵਿੱਚ /ਅ/ ਦੀ ਅਵਾਜ਼ ਸ਼ਾਮਲ ਸਮਝੀ ਜਾਂਦੀ ਹੈ ਜਿਵੇਂ ਚਰਨ ਸ਼ਬਦ ਦੇ ਤਿੰਨੇ ਚ, ਰ, ਨ ਅੱਖਰ ਮੁਕਤਾ ਅੱਖਰ ਹਨ।

ਮਾਤਰਾ :

ਕਿਸੇ ਵਰਨ (ਅੱਖਰ) ਦਾ ਉਚਾਰਨ ਕਰਨ ਸਮੇਂ ਜਿਹੜਾ ਸਮਾਂ ਲੱਗਦਾ ਹੈ ਉਸ ਨੂੰ "ਮਾਤਰਾ" ਆਖਿਆ ਜਾਂਦਾ ਹੈ। ਛੰਦਾਬੰਦੀ ਵਿੱਚ ਅੱਖਰਾਂ ਦੀਆਂ ਮਾਤਰਾਵਾਂ ਦੀ ਗਿਣਤੀ ਕੀਤੀ ਜਾਂਦੀ ਹੈ। ਮਾਤਰਾ ਦੋ ਕਿਸਮ ਦੀ ਹੁੰਦੀ ਹੈ- ਲਘੂ ਅਤੇ ਗੁਰੂ। ਲਘੂ ਦਾ ਅਰਥ ਹੈ ਛੋਟੀ ਅਤੇ ਗੁਰੂ ਦਾ ਅਰਥ ਹੈ ਵੱਡੀ। ਗੁਰਮੁਖੀ ਦੇ ਮੁਕਤਾ ਅੱਖਰਾਂ ਅਤੇ ਲਗਾਂ ਵਾਲ਼ੇ ਅੱਖਰਾਂ ਦੀਆਂ ਮਾਤਰਾਵਾਂ ਗਿਣੀਆਂ ਜਾਂਦੀਆਂ ਹਨ। ਲਘੂ ਵਰਨ ਦੀ ਇੱਕ ਮਾਤਰਾ ਹੁੰਦੀ ਹੈ ਅਤੇ ਗੁਰੂ ਵਰਨ ਦੀਆਂ ਦੋ ਮਾਤਰਾਂ ਹੁੰਦੀਆਂ ਹਨ। ਛੰਦਾਬੰਦੀ ਵਿੱਚ ਲਘੂ ਅਤੇ ਗੁਰੂ ਵਰਨਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਲਘੂ ਵਰਨ

(i) ਮੁਕਤਾ ਅੱਖਰ, ਜਿਵੇਂ ਕ,ਖ, ਗ, ਚ ਆਦਿ।

(ii) (ਿ) ਸਿਹਾਰੀ ਵਾਲ਼ੇ ਵਰਨ, ਜਿਵੇਂ ਕਿ, ਖਿ, ਗਿ, ਚਿ ਆਦਿ।

(iii) (ੁ) ਔਂਕੜ ਵਾਲ਼ੇ ਵਰਨ, ਜਿਵੇਂ ਕੁ, ਖੁ, ਗੁ, ਚੁ ਆਦਿ।

ਛੰਦ-ਵਿਧਾਨ ਵਿੱਚ ਲਘੂ ਵਰਨ ਨੂੰ ਚਿੰਨ੍ਹਤ ਕਰਨ ਲਈ 1 (ਅੱਖਰਾਂ ਦੇ ਸਿਰ ਉੱਤੇ ਖੜੀ ਲਕੀਰ) ਹੈ :

I I		
ਕਰ	=	ਦੋ ਲਘੂ
I I I		
ਸੁਹਜ	=	ਤਿੰਨ ਲਘੂ
I I		
ਸਿਰ	=	ਦੋ ਲਘੂ
ਸੁਰਖਿਅਤ	=	ਪੰਜ ਲਘੂ

ਗੁਰੂ ਵਰਨ :

1. ਕੰਨੇ (ਾ) ਵਾਲ਼ੇ ਵਰਨ ਜਿਵੇਂ ਕਾ, ਖਾ, ਗਾ, ਚਾ ਆਦਿ।
2. ਬਿਹਾਰੀ (ੀ) ਵਾਲ਼ੇ ਵਰਨ ਜਿਵੇਂ ਕੀ, ਖੀ, ਗੀ, ਚੀ ਆਦਿ।
3. ਦੁਲੈਂਕੜ (ੂ) ਵਾਲ਼ੇ ਵਰਨ ਜਿਵੇਂ ਕੂ, ਖੂ, ਗੂ, ਚੂ ਆਦਿ।
4. ਲਾਂ (ੇ) ਵਾਲ਼ੇ ਵਰਨ ਜਿਵੇਂ ਕੇ, ਖੇ, ਗੇ, ਚੇ ਆਦਿ।

5. ਦੁਲਾਵਾਂ (ੈ) ਵਾਲ਼ੇ ਵਰਨ ਜਿਵੇਂ ਕੈ, ਖੈ, ਗੈ, ਚੈ ਆਦਿ।

6. ਹੋੜਾ (ੋ) ਵਾਲ਼ੇ ਵਰਨ ਜਿਵੇਂ ਕੋ, ਖੋ, ਗੋ, ਚੋ ਆਦਿ।

7. ਕਨੌੜਾ (ੌ) ਵਾਲ਼ੇ ਵਰਨ ਜਿਵੇਂ ਕੌ, ਖੌ, ਗੌ, ਚੌ ਆਦਿ।

8. ਟਿੱਪੀ (ੰ) ਵਾਲ਼ੇ ਵਰਨ ਜਿਵੇਂ ਕੰ, ਖੰ, ਗੰ, ਚੰ ਆਦਿ।

9. ਅਧਕ (ੱ) ਵਾਲ਼ੇ ਵਰਨ ਜਿਵੇਂ ਕੱ, ਖੱ, ਗੱ, ਚੱ ਆਦਿ।

ਛੰਦ ਵਿਧਾਨ ਵਿੱਚ ਗੁਰੂ ਵਰਨ ਦੋ ਮਾਤਰਾ ਦੇ ਬਰਾਬਰ ਹੁੰਦਾ ਹੈ। ਇਸਨੂੰ ਚਿੰਨ੍ਹਤ ਕਰਨ ਲਈ 'S' (ਅੰਗਰੇਜ਼ੀ ਦੇ ਅੱਖਰ S ਵਰਗਾ) ਚਿੰਨ੍ਹ ਪ੍ਰਚਲਿਤ ਹੈ :

S S

ਕੌਮੀ = ਦੋ ਗੁਰੂ = 4 ਮਾਤਰਾ

S S

ਸਾਰਾ = ਦੋ ਗੁਰੂ = 4 ਮਾਤਰਾ

S S S

ਧੋਬੀਆਂ = ਤਿੰਨ ਗੁਰੂ= 6 ਮਾਤਰਾ

ਨੋਟ : ਬਿੰਦੀ ਆਮ ਤੌਰ 'ਤੇ ਗੁਰੂ ਵਰਨਾਂ ਨਾਲ਼ ਲੱਗਦੀ ਹੈ। ਇਸ ਦੀ ਮਾਤਰਾ ਨਹੀਂ ਗਿਣੀ ਜਾਂਦੀ। ਜੇਕਰ ਬਿੰਦੀ ਲਘੂ ਲਗਾਂ ਨਾਲ਼ ਲੱਗੇ ਤਾਂ ਮਾਤਰਾ ਗਿਣੀ ਜਾਂਦੀ ਹੈ।

ਤੁਕ : ਵਰਨ, ਮਾਤਰਾ ਅਤੇ ਲਘੂ ਗੁਰੂ ਤੋਂ ਬਾਅਦ ਛੰਦ ਸ਼ਾਸਤਰ ਇੱਕ ਮਹੱਤਵਪੂਰਨ ਇਕਾਈ 'ਤੁਕ' ਹੈ। ਛੰਦ ਦੀ ਇੱਕ ਪੂਰੀ ਸਤਰ ਜਾਂ ਪੰਕਤੀ ਨੂੰ 'ਤੁਕ' ਕਿਹਾ ਜਾਂਦਾ ਹੈ। ਜਿਵੇਂ -

ਦਿਲ ਵਿੱਚ ਤਪਸ਼ ਥਲਾਂ ਦੀ ਗਰਮੀ, ਆਣ ਫਿਰਾਕ ਰੰਞਾਣੀ।
ਕਿਚਰਕ ਨੈਣ ਕਰਨ ਦਿਲਬਰੀਆਂ, ਚੋਣ ਲਬਾਂ ਵਿੱਚ ਪਾਣੀ।
ਫਿਰ ਫਿਰ ਡਾਢ ਕਰੇ ਹੱਠ ਦਿਲ ਦਾ, ਪਰ ਜਦ ਬਹੁਤ ਵਿਹਾਣੀ।
ਹਾਸ਼ਮ ਯਾਦ ਭੰਬੋਰ ਪਿਆ ਉਸ, ਟੁੱਟ ਗਿਆ ਮਾਨ ਨਿਮਾਣੀ।

ਉਪਰੋਕਤ ਛੰਦ ਵਿੱਚ ਚਾਰ ਤੁਕਾਂ ਹਨ।

ਗਣ : ਛੰਦ ਸ਼ਾਸਤਰ ਵਿੱਚ ਅੱਖਰਾਂ ਜਾਂ ਮਾਤਰਾ ਦੇ ਸਮੂਹ ਨੂੰ 'ਗਣ' ਆਖਦੇ ਹਨ। ਅੱਖਰਾਂ ਜਾਂ ਮਾਤਰਾ ਦੇ ਉਹ ਇੱਕਠ ਜਿੰਨ੍ਹਾਂ ਅਨੁਸਾਰ ਛੰਦ ਦੀ ਚਾਲ ਬਣਦੀ ਹੈ ਗਣ ਅਖਵਾਉਂਦੇ ਹਨ।

ਚਰਨ : ਚਰਨ ਦਾ ਅਰਥ ਤਾਂ ਪੈਰ ਹੈ ਪਰ ਛੰਦਾਬੰਦੀ ਵਿੱਚ ਕਵਿਤਾ ਦੀ ਤੁਕ 'ਤੇ ਜਿੱਥੇ ਠਹਿਰਾਉ ਆਉਂਦਾ ਹੈ, ਤੁਕ ਦੇ ਉਸ ਹਿੱਸੇ ਨੂੰ ਚਰਨ ਕਿਹਾ ਜਾਂਦਾ ਹੈ :

ਸਗਲ ਦੁਆਰ ਕਉ ਛਾਡਿ ਕੈ
ਗਹਿਓ ਤੁਹਾਰੋ ਦੁਆਰ।

ਇਸ ਇੱਕ ਤੁਕ ਵਿੱਚ "ਕੈ" ਤੇ ਠਹਿਰਾਉ ਹੈ ਅਤੇ ਦੂਜਾ ਠਹਿਰਾਉ ਦੁਆਰ ਤੇ ਹੈ। ਇਉਂ ਏਥੇ ਦੋ ਚਰਨ ਹਨ।

ਤੁਕਾਂਤ : ਤੁਕ+ਅੰਤ ਦੇ ਮੇਲ ਤੋਂ ਬਣੇ ਸ਼ਬਦ ਤੁਕਾਂਤ ਦਾ ਅਰਥ ਤੁਕ ਦੇ ਆਖ਼ਰੀ ਸ਼ਬਦ ਤੋਂ ਹੈ ਇਹ ਤੁਕਾਂਤ ਮੇਲ ਵੀ ਹੋ ਸਕਦਾ ਹੈ ਅਤੇ ਬੇ-ਮੇਲ ਵੀ। ਤੁਕਾਂ ਨੂੰ ਸਪਸ਼ਟ ਕਰਨ ਲਈ ਉਪਰੋਕਤ ਤੁਕ ਦੀ ਉਦਾਹਰਨ ਵਿੱਚ ਤੁਕਾਂਤ ਮੇਲ ਹੈ ਕਿਉਂਕਿ ਅੰਤ ਵਿੱਚ ਰੰਞਾਣੀ, ਪਾਣੀ, ਵਿਹਾਣੀ ਅਤੇ ਨਿਮਾਣੀ ਸ਼ਬਦ ਹਨ।

ਬਿਸਰਾਮ : ਛੰਦ ਦੀ ਤੁਕ ਦਾ ਉਚਾਰਨ ਕਰਨ ਸਮੇਂ ਜਿੱਥੇ ਵਿਰਾਮ ਜਾਂ ਠਹਿਰਾਓ ਹੋਵੇ ਉਸ ਨੂੰ ਬਿਸਰਾਮ ਕਹਿੰਦੇ ਹਨ। ਤੁਕ ਦੇ ਵਿਚਲੇ ਬਿਸਰਾਮ ਨੂੰ, ਵਿਸ਼ਰਾਮ ਚਿੰਨ ਕਾਮਾ (,) ਨਾਲ਼ ਅਤੇ ਅੰਤਲੇ ਨੂੰ ਪੂਰਨ ਵਿਰਾਮ ਅਰਥਾਤ ਡੰਡੀ (।) ਰਾਹੀਂ ਨਿਖੇੜਿਆ ਜਾਂਦਾ ਹੈ।

ਤੁਕਾਂਗ : ਤੁਕਾਂਗ ਸ਼ਬਦ ਤੁਕ+ਅੰਗ ਦੇ ਸੁਮੇਲ ਤੋਂ ਬਣਿਆ ਹੈ। ਵਿਸ਼ਰਾਮ ਚਿੰਨ੍ਹ ਲੱਗਣ ਨਾਲ਼ ਤੁਕ ਦੇ ਜੋ ਭਾਗ ਬਣਦੇ ਹਨ ਉਹਨਾਂ ਨੂੰ ਤੁਕਾਂਗ ਕਿਹਾ ਜਾਂਦਾ ਹੈ।

ਛੰਦ ਦੀਆਂ ਕਿਸਮਾਂ

ਛੰਦ ਤਿੰਨ ਪ੍ਰਕਾਰ ਦੇ ਹੁੰਦੇ ਹਨ

1. **ਵਰਨਿਕ ਛੰਦ** : ਵਰਨਿਕ ਛੰਦਾਂ ਵਿੱਚ ਕੇਵਲ ਵਰਨਾਂ ਜਾਂ ਅੱਖਰਾਂ ਦੀ ਗਿਣਤੀ ਕੀਤੀ ਜਾਂਦੀ ਹੈ। ਕਬਿੱਤ ਅਤੇ ਕੋਰੜਾ ਵਰਨਿਕ ਛੰਦ ਹਨ।

2. **ਮਾਤਰਿਕ ਛੰਦ** : ਮਾਤਰਿਕ ਛੰਦ ਵਿੱਚ ਮਾਤਰਾ ਦੀ ਹੀ ਗਿਣਤੀ ਕੀਤੀ ਜਾਂਦੀ ਹੈ। ਵਰਨ ਜਾਂ ਅੱਖਰਾਂ ਦੀ ਗਿਣਤੀ ਵੱਧ ਜਾਂ ਘੱਟ ਹੋ ਸਕਦੀ ਹੈ। ਦੋਹਰਾ, ਸੋਰਠਾ ਮਾਤਰਿਕ ਛੰਦ ਹਨ।

3. ਗਣਿਕ ਛੰਦ : ਗਣਿਕ ਛੰਦ ਵਿੱਚ ਗਣਾਂ ਦੀ ਗਿਣਤੀ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ।

ਹੁਣ ਅਸੀਂ ਕਬਿੱਤ, ਕੋਰੜਾ, ਦੋਹਰਾ, ਦਵਈਆ, ਚੌਪਈ ਅਤੇ ਬੈਂਤ ਛੰਦ ਬਾਰੇ ਉਦਾਹਰਨਾਂ ਸਹਿਤ ਚਰਚਾ ਕਰਾਂਗੇ।

ਕਬਿੱਤ ਛੰਦ :-

ਲੱਛਣ :

ਕਬਿੱਤ ਇੱਕ ਵਰਨਿਕ ਛੰਦ ਹੈ। ਇਸ ਵਿੱਚ ਚਾਰ ਲੰਮੀਆਂ ਤੁਕਾਂ ਹੁੰਦੀਆਂ ਹਨ। ਹਰ ਤੁਕ ਵਿੱਚ ਚਾਰ ਬਿਸਰਾਮ ਹੁੰਦੇ ਹਨ ਜਾਂ ਇਸ ਤਰ੍ਹਾਂ ਕਹੋ ਕਿ ਇਸ ਵਿੱਚ ਹਰ ਤੁਕ ਦੇ ਦੋ-ਦੋ ਚਰਨ ਹੁੰਦੇ ਹਨ ਅਤੇ ਹਰ ਚਰਨ ਵਿੱਚ ਦੋ-ਦੋ ਬਿਸਰਾਮ ਹੁੰਦੇ ਹਨ। ਹਰ ਤੁਕ ਦੇ ਚਾਰ ਬਿਸਰਾਮਾਂ ਨੂੰ 'ਤੁਕਾਂਗ' ਕਹਿ ਸਕਦੇ ਹਾਂ।

ਹਰੇਕ ਤੁਕ ਦੇ ਚਾਰ ਤੁਕਾਂਗਾਂ ਵਿੱਚੋਂ ਪਹਿਲੇ ਤਿੰਨ ਤੁਕਾਂਗਾਂ ਵਿੱਚ ਅੱਠ-ਅੱਠ ਵਰਨਾਂ ਦਾ ਵਿਧਾਨ ਹੁੰਦਾ ਹੈ ਅਤੇ ਚੌਥੇ ਤੁਕਾਂਗ ਵਿੱਚ ਸੱਤ ਜਾਂ ਕਈ ਵਾਰ ਅੱਠ ਵਰਨ ਹੁੰਦੇ ਹਨ। ਅਰਥਾਤ ਹਰ ਤੁਕ ਵਿੱਚ 31 (8+8+8+7) ਜਾਂ 32 (8+8+8+8) ਵਰਨ ਹੁੰਦੇ ਹਨ। ਤੁਕਾਂਤ ਮੇਲ ਚਾਰੋਂ ਤੁਕਾਂ ਦਾ ਸਮਾਨ ਰੂਪ ਵਿੱਚ ਹੁੰਦਾ ਹੈ। ਮਾਲਵੇ ਦੀ ਕਵੀਸ਼ਰੀ ਵਿੱਚ ਕਬਿੱਤ ਛੰਦ ਬਹੁਤ ਪ੍ਰਚਲਿਤ ਰਿਹਾ ਹੈ।

ਉਦਾਹਰਨ :

(ੳ) ਚਲ ਮਨਾ ਤੁਰੀ ਚੱਲ, ਸਚੇ ਰਾਹੇ ਲੱਕ ਬੰਨ੍ਹ,
ਪੁੱਜ ਉਸ ਦਰ ਉੱਤੇ, ਜਿੱਥੇ ਅੰਤ ਜਾਣਾ ਹੈ। (8+8+8+7=31 ਵਰਨ)
ਰਿਖੀ ਮੁਨੀ ਜਤੀ ਤਪੀ, ਸਾਧ ਸੰਤ ਜੋਗੀਆਂ ਦਾ,
ਆਸਰਾ ਹੈ ਉਹੋ ਸੱਚਾ, ਉਹੋ ਹੀ ਟਿਕਾਣਾ ਹੈ। (8+8+8+7=31 ਵਰਨ)
ਉਸ ਦੇ ਧਿਆਨ ਵਿੱਚ, ਰਾਤ ਦਿਨ ਵੱਸ ਦਿੱਲੋਂ,
ਜੂਨਾਂ ਜਮਾਂ ਨਰਕਾ ਤੋਂ, ਉਸੇ ਹੀ ਬਚਾਣਾ ਹੈ। (8+8+8+7=31 ਵਰਨ)
ਵਲ਼ ਛਲ਼ ਦਗ਼ਾ ਝੂਠ, ਚੋਰੀ ਠੱਗੀ ਪਾਪ ਛੱਡ,
ਹੋ ਜਾ ਸਿੱਧਾ 'ਤੀਰ' ਵਾਂਗ, ਰਾਹ ਜੇ ਤੂੰ ਪਾਣਾ ਹੈ। (8+8+8+7=31 ਵਰਨ)

(ਤੀਰ)

(ਅ) ਜੇ ਤੂੰ ਪੰਧ ਜ਼ਿੰਦਗੀ ਦਾ, ਸੋਖ ਨਾਲ਼ ਕੱਟਣਾ ਏਂ,
ਦੁਨੀਆਂ ਦੇ ਲੋਭ ਵਾਲ਼ੀ, ਮੋਢਿਓਂ ਉਤਾਰ ਗੰਢ। (8+8+8+8=32 ਵਰਨ)
ਪੱਲਾ ਫੜ ਘੁੱਟ ਕੇ ਤੂੰ, ਜੱਗ ਵਿੱਚ ਇੱਕ ਦਾ ਹੀ,
ਜਣੇ ਖਣੇ ਨਾਲ਼ ਪਿਆ, ਐਂਵੇਂ ਨਾ ਪਿਆਰ ਗੰਢ। (8+8+8+8=32 ਵਰਨ)
ਭਲਾਂ ਰੱਬ ਆਸਰੇ ਨੂੰ, ਜੱਗ ਦੀ ਮੁਥਾਜੀ ਕੀ ਏ,
ਸਿਰ ਉੱਤੇ ਚੁੱਕਦਾ ਨਾ, ਘੋੜ ਅਸਵਾਰ ਗੰਢ। (8+8+8+8=32 ਵਰਨ)
ਘੁੱਟ ਘੁੱਟ ਪੱਲੇ ਬੰਨ, ਕੰਮ ਸਾਰੇ ਨੇਕੀਆਂ ਦੇ,
ਸੂਮ ਜਿਵੇਂ ਰੱਖਦਾ ਹੈ, ਪੈਸਿਆਂ ਥੀਂ ਮਾਰ ਗੰਢ। (8+8+8+8=32 ਵਰਨ)

(ਸਰ.ਫ)

(ੲ) ਕੱਕਰਾਂ ਨੇ ਲੁੱਟ ਪੁੱਟ, ਨੰਗ ਕਰ ਛੱਡੇ ਰੁੱਖ,
ਹੋ ਗਏ ਨਿਹਾਲ ਅੱਜ, ਪੁੰਗਰ ਕੇ ਡਾਲੀਆਂ। (8+8+8+7=31 ਵਰਨ)
ਡਾਲੀਆਂ ਕਚਾਹ ਵਾਂਗ, ਕੂਲ਼ੀਆਂ ਨੂੰ ਜ਼ਿੰਦ ਪਈ,
ਆਲਣੇ ਦੇ ਬੋਟਾਂ ਵਾਂਗ, ਖੰਭੀਆਂ ਉਛਾਲ਼ੀਆਂ।
ਬਾਗਾਂ ਵਿੱਚ ਬੂਟਿਆਂ ਨੇ, ਡੋਡੀਆਂ ਉਭਾਰੀਆਂ ਤੇ,
ਮਿੱਠੀ ਮਿੱਠੀ ਪੌਣ ਆ ਕੇ, ਸੁੱਤੀਆਂ ਉਠਾਲ਼ੀਆਂ।
ਖਿੜ-ਖਿੜ ਹੱਸਦੀਆਂ, ਵੱਸਦਾ ਜਹਾਨ ਵੇਖ,
ਗੁੱਟ ਉੱਤੇ ਕੇਸਰ, ਗੁਲਾਬ ਉੱਤੇ ਲਾਲੀਆਂ।

(ਚਾਤ੍ਰਿਕ)

ਕੋਰੜਾ ਛੰਦ

ਲੱਛਣ : ਕੋਰੜਾਂ ਨਿਰੋਲ ਪੰਜਾਬੀ ਛੰਦ ਹੈ। ਕੋਰੜਾ ਦਾ ਅਰਥ ਚਾਬਕ ਹੈ। ਇਸ ਨੂੰ ਹਿੰਦੀ-ਉਰਦੂ ਵਿੱਚ 'ਕੋੜਾ' ਕਿਹਾ ਜਾਂਦਾ ਹੈ। ਕੋਰੜਾ ਵਰਨਿਕ ਛੰਦ ਹੈ। ਇਸ ਦੀ ਪਛਾਣ ਲਈ ਵਰਨ (ਅੱਖਰ) ਗਿਣੇ ਜਾਂਦੇ ਹਨ। ਕੋਰੜਾ ਛੰਦ ਵਿੱਚ ਤੁਕਾਂ ਦੀ ਕੋਈ ਪਾਬੰਦੀ ਨਹੀਂ, ਦੋ ਤੁਕਾਂ ਲੈ ਕੇ ਅੱਗੇ ਕਿੰਨੀਆਂ ਵੀ ਤੁਕਾਂ ਰੱਖੀਆਂ ਜਾਂ ਸਕਦੀਆਂ

ਹਨ। ਪਰ ਆਮ ਤੌਰ ’ਤੇ ਚਾਰ ਤੁਕਾਂ ਦਾ ਜੁੱਟ ਹੁੰਦਾ ਹੈ।

ਕੋਰੜੇ ਦੀ ਹਰ ਤੁਕ ਵਿੱਚ 13 ਜਾਂ 14 ਵਰਨ ਹੁੰਦੇ ਹਨ। ਬਿਸਰਾਮ 6+7 ਜਾਂ 7+7 ’ਤੇ ਮੰਨਿਆ ਜਾਂਦਾ ਹੈ। ਪਰ ਜ਼ਿਆਦਾ ਤਰ ਬਿਸਰਾਮ ਤੁਕ ਦੇ ਅੰਤ ’ਤੇ ਹੀ ਹੁੰਦਾ ਹੈ। ਤੁਕਾਂ ਦੇ ਅੰਤ ਵਿੱਚ ਤੁਕਾਂਤ-ਮੇਲ ਹੁੰਦਾ ਹੈ। ਕੋਰੜਾ ਮਲਵਈ ਬੋਲੀ (ਪੰਜਾਬੀ) ਦਾ ਹਰਮਨ ਪਿਆਰਾ ਛੰਦ ਹੈ। ਮਾਲਵੇ ਦੀ ਕਵੀਸ਼ਰੀ ਵਿੱਚ ਕੋਰੜਾ ਛੰਦਾਂ ਦਾ ਬਹੁਤ ਪ੍ਰਯੋਗ ਹੋਇਆ ਹੈ।

ਉਦਾਹਰਨ

(ੳ) ਚੜਿਆ ਜੋ ਦੁੱਲਾ ਅੱਗੇ ਹੋਣੀ ਆਂਵਦੀ। (6+7=13 ਵਰਨ)
ਦੁੱਲਾ ਦੁੱਲਾ ਨਾਮ ਲੈ ਕੇ ਸੀ ਬੁਲਾਂਵਦੀ । (6+7=13 ਵਰਨ)
ਕੰਡਿਆਂ ਦਾ ਵੇ ਮੈਂ ਰੱਖਿਆ ਭਰਾਇ ਕੇ। (6+7=13 ਵਰਨ)
ਦੁੱਲਿਆ ਵੇ ਟੋਕਰਾ ਚੁਕਾਈਂ ਆਇ ਕੇ। (6+7=13 ਵਰਨ)

(ਅ) ਭੁੱਲ ਕੇ ਵੀ ਤੁਰੋ ਨਾ ਬੰਦੇ ਖੋਟੇ ਨਾਲ਼ ਜੀ। (7+7=14 ਵਰਨ)
ਫੜੋ ਨਾ ਬੁਰਾਈ ਵਾਲ਼ੀ ਕੋਈ ਚਾਲ ਜੀ।
ਬੁਰਾ ਕਦੇ ਕਿਸੇ ਦਾ ਨਹੀਂ ਤੁਸਾਂ ਕਰਨਾ,
ਨੇਕੀ ਵਾਲ਼ੀ ਕਾਰ ਤੋਂ ਨਹੀਂ ਕਦੇ ਡਰਨਾ।

(ੲ) ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ। (6+7=13 ਵਰਨ)
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ।
ਕੱਛੇ ਮਾਰ ਵੰਝਲ਼ੀ ਅਨੰਦ ਛਾ ਗਿਆ।
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

(ਚਾਤ੍ਰਿਕ)

ਦੋਹਰਾ ਛੰਦ :-

ਪੰਜਾਬੀ ਵਿੱਚ ਦੋਹਿਰਾ ਜਾਂ ਦੋਹਰਾ ਦੋਵੇਂ ਸ਼ਬਦ-ਜੋੜ ਪ੍ਰਚਲਿਤ ਹਨ। ਦੋਹਰਾ ਮਾਤਰਿਕ ਛੰਦ ਹੈ ਕਿਉਂਕਿ ਇਸ ਦੇ ਵਜ਼ਨ-ਤੋਲ ਨੂੰ ਮਾਪਣ ਲਈ ਮਾਤਰਾ ਦੀ ਗਿਣਤੀ ਕਰਨੀ ਪੈਂਦੀ ਹੈ।

ਦੋਹਰੇ ਵਿੱਚ ਦੋ ਤੁਕਾਂ ਹੁੰਦੀਆਂ ਹਨ ਅਤੇ ਚਾਰ ਚਰਨ ਹੁੰਦੇ ਹਨ। ਹਰ ਤੁਕ ਵਿੱਚ 24 ਮਾਤਰਾ ਹੁੰਦੀਆਂ ਹਨ ਅਤੇ ਹਰ ਤੁਕ ਵਿੱਚ ਦੋ ਬਿਸਰਾਮ ਹੁੰਦੇ ਹਨ, ਪਹਿਲਾ ਬਿਸਰਾਮ 13 ਮਾਤਰਾ 'ਤੇ ਦੂਜਾ ਬਿਸਰਾਮ 11 ਮਾਤਰਾ 'ਤੇ ਹੁੰਦਾ ਹੈ। ਦੂਜੀ ਤੁਕ ਵਿੱਚ ਵੀ 13+11 'ਤੇ ਬਿਸਰਾਮ ਹੁੰਦਾ ਹੈ। ਤੁਕਾਂ ਦੇ ਅੰਤ 'ਤੇ ਜਾਂ ਦੂਜੇ ਤੇ ਚੌਥੇ ਚਰਨ ਦੇ ਅਖੀਰ ਤੇ ਤੁਕਾਂਤ ਮੇਲ ਹੁੰਦਾ ਹੈ। ਦੋਹਰਾ ਮਾਲਵੇ ਦੀ ਕਵੀਸ਼ਰੀ ਵਿੱਚ ਪ੍ਰਚਲਿਤ ਰਿਹਾ ਹੈ।

ਉਦਾਹਰਨਾਂ

(ੳ) S I I S I I S I S

ਪੂਰਨ ਤੂੰ ਪਰਮਾਤਮਾ,

I I I I I S I S I

ਘਟ ਘਟ ਰਿਹਾ ਸਮਾਇ। (13+11 ਮਾਤਰਾਂ = 24 ਮਾਤਰਾਂ)

I I I I S S S I S

ਜਿਉਂ ਮਹਿੰਦੀ ਕੇ ਪਾਤ ਮੇਂ।

S S I S I S I

ਲਾਲੀ ਲਖੀ ਨ ਜਾਇ। (13+11 ਮਾਤਰਾ= 24 ਮਾਤਰਾ)

(ਅ) SSSS S I S S I I I S I S I

ਪੋਠੋਹਾਰੀ ਮਾਲਵੀ, ਜਾਪਨ ਕਈ ਜੁਆਨ (13 +11 = 24 ਮਾਤਰਾ)

I I I I S I S I I S S I I I S I S I

ਲੱਗਣ ਕਈ ਪਚਾਹਦੜੇ, ਜਾਪਨ ਕਈ ਪਠਾਨ। (13+11= 24 ਮਾਤਰਾ)

(ਲਕਸ਼ਮੀ ਦੇਵੀ ਵਿੱਚੋਂ)

ਚੌਪਈ

ਚੌਪਈ ਜਾਂ ਚੌਪਾਈ ਸੰਸਕ੍ਰਿਤ ਸ਼ਬਦ 'ਚਤੁਸ਼ਟਪਦੀ' ਤੋਂ ਹੈ। ਚੌਪਈ ਇੱਕ ਮਾਤਰਿਕ ਛੰਦ ਹੈ। ਚੌਪਈ ਦਾ ਅਰਥ ਹੈ ਚਾਰ ਪਟ ਜਾਂ ਚੌਂਹ ਚਰਨਾ ਵਾਲ਼ਾ ਛੰਦ। ਇਸ ਛੰਦ ਵਿੱਚ ਚਾਰ ਚਰਨ ਹੁੰਦੇ ਹਨ ਅਤੇ ਹਰ ਚਰਨ ਵਿੱਚ 15 ਜਾਂ 16 ਮਾਤਰਾ ਹੁੰਦੀਆਂ ਹਨ। ਅੰਤ ਵਿੱਚ ਤੁਕਾਂਤ ਮੇਲ ਹੁੰਦਾ ਹੈ। ਪਹਿਲਾ ਬਿਸਰਾਮ 8 'ਤੇ ਦੂਜਾ ਬਿਸਰਾਮ 7 ਜਾਂ 8 'ਤੇ ਹੁੰਦਾ ਹੈ। 15 ਮਾਤਰਾ (8+7) ਵਾਲ਼ੇ ਚੌਪਈ ਛੰਦ ਵਿੱਚ ਅੰਤ ਵਿੱਚ ਲਘੂ ਅਤੇ 16 ਮਾਤਰਾ (8+8) ਵਾਲ਼ੇ ਵਿੱਚ ਅੰਤ ਵਿੱਚ ਗੁਰੂ ਹੁੰਦਾ ਹੈ।

ਇਹ ਛੰਦ ਕਥਾ-ਕਾਵਿ ਤੇ ਬੀਰ-ਕਾਵਿ ਜਿਹੀਆਂ ਲੰਮੀਆਂ ਰਚਨਾਵਾਂ ਲਈ ਬਹੁਤ ਹਰਮਨ ਪਿਆਰਾ ਹੈ ਕਿਉਂਕਿ ਘਟਨਾਵਾਂ, ਦ੍ਰਿਸ਼ਾਂ ਤੇ ਕਥਾ-ਪ੍ਰਸੰਗਾਂ ਦੇ ਬਿਆਨ ਕਰਨ ਲਈ ਚੌਪਈ ਦੀ ਸ਼ੈਲੀ ਉੱਤਮ ਮੰਨੀ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਰਚਿਤ 'ਅਕਾਲ-ਉਸਤਤਿ, ਬਚਿਤ੍ਰ ਨਾਟਕ ਆਦਿ ਬਾਣੀਆਂ ਵਿੱਚ ਚੌਪਈ ਛੰਦ ਦੀ ਵਰਤੋਂ ਹੋਈ ਹੈ। ਤੁਲਸੀਦਾਸ ਰਚਿਤ ਰਮਾਇਣ 'ਰਾਮਚਰਿਤ ਮਾਨਸ' ਵਿੱਚ ਵੀ ਚੌਪਈ ਦਾ ਸਫ਼ਲ ਪ੍ਰਯੋਗ ਹੋਇਆ ਹੈ।

ਉਦਾਹਰਨ :

II S SS SII S S

(ੳ) ਜਦ ਤੋਂ ਵੀਰਾ, ਦੂਰ ਗਿਆ ਏਂ। (8+8= 16 ਮਾਤਰਾ)

II SS II SI IS S

ਦਿਲ ਮੇਰਾ ਕਰ, ਚੂਰ ਗਿਆ ਏਂ। (8+8= 16 ਮਾਤਰਾ)

S S S I I SI IS S

ਹੇ ਵੀਰਾ ਹੁਣ, ਮੁੱਖ ਵਿਖਾ ਜਾ। (8+8= 16 ਮਾਤਰਾ)

IIS SII S S S S

ਹਿਰਦੇ ਅੰਦਰ, ਠੰਢਾਂ ਪਾ ਜਾ। (8+8= 16 ਮਾਤਰਾ)

(ਅ) S S SS IS IS I

ਵੀਰਾ ਮੇਰਾ ਬੜਾ ਦਲੇਰ। (8+7= 15 ਮਾਤਰਾ)

SI ISS II S SI

ਮਾਰ ਪਲਾਕੀ ਚੜਦਾ ਸ਼ੇਰ। (8+7= 15 ਮਾਤਰਾ)

IIS SII SS SI

ਦਬਕਾ ਜੇਕਰ ਦੇਵੇ ਮਾਰ। (8+7= 15 ਮਾਤਰਾ)

SII SS SII SI

ਨੱਸਣ ਵੈਰੀ ਸਾਗਰ ਪਾਰ। (8+7= 15 ਮਾਤਰਾ)

(ੲ) II S I I S I S I S S

ਅਬ ਮੈਂ ਅਪਨੀ ਕਥਾ ਬਖਾਨੋ। (8+8= 16 ਮਾਤਰਾ)

II S I I II II II SS

ਤਪ ਸਾਧਤ ਜਿਹਿ ਬਿਧਿ ਮੁਹਿ ਆਨੋ। (8+8= 16 ਮਾਤਰਾ)

(ਬਚਿਤ੍ਰ ਨਾਟਕ)

(ਸ) S I I I S I S I I I S I

ਪੰਚ ਪਰਵਾਣ ਪੰਚ ਪਰਧਾਨ (8+8= 16 ਮਾਤਰਾ)

SS S I I I I I I S I

ਪੰਚੇ ਪਾਵਹਿ ਦਰਗਹਿ ਮਾਨੁ (8+7= 15 ਮਾਤਰਾ)

SS S I I II SS I

ਪੰਚੇ ਸੋਹਹਿ ਦਰਿ ਰਾਜਾਨ (8+7= 15 ਮਾਤਰਾ)

SS S II S I I S I

ਪੰਚਾ ਕਾ ਗੁਰ ਏਕ ਧਿਆਨ। (8+7= 15 ਮਾਤਰਾ)

ਜਾਂ

I I S S I I I I S S I

ਸੁਣਿਐ ਈਸਰੁ, ਬਰਮਾ ਇੰਦੁ (8+7= 15 ਮਾਤਰਾ)

I I S II SS I I S I

ਸੁਣਿਐ ਮੁਖਿ ਸਾਲਾਹਣ ਮੰਦੁ (8+7= 15 ਮਾਤਰਾ)

I I S S I III II S I

ਸੁਣਿਐ ਜੋਗ ਜੁਗਤਿ ਤਨ ਭੇਦ (8+7= 15 ਮਾਤਰਾ)

I I S S I I I S I S I

ਸੁਣਿਐ ਸਾਸਤ ਸਿੰਮ੍ਰਿਤ ਵੇਦ। (8+7= 15 ਮਾਤਰਾ)

ਦਵਈਆ ਛੰਦ

ਲੱਛਣ: ਦਵਈਆ ਛੰਦ ਨੂੰ ਦਵੈਯਾ ਜਾਂ ਦਵੱਯਾ ਵੀ ਲਿਖਿਆ ਜਾਂਦਾ ਹੈ ਪਰ ਅਧਕ ਪਾ ਕੇ ਦਵੱਈਆ ਲਿਖਣਾ ਠੀਕ ਨਹੀਂ ਕਿਉਂਕਿ ਅੱਧਕ ਦੋ ਦ੍ਰੁਤ ਵਿਅੰਜਨਾ ’ਤੇ ਪੈਂਦੀ ਹੈ।

ਦਵਈਆ ਪੰਜਾਬੀ ਕਿੱਸਾਕਾਰਾ ਦਾ ਹਰਮਨ ਪਿਆਰਾ ਛੰਦ ਹੈ। ਇਹ ਇੱਕ ਮਾਤਰਿਕ ਛੰਦ ਹੈ। ਇਸ ਦੀਆਂ 28 ਮਾਤਰਾ ਹੁੰਦੀਆਂ ਹਨ, 16+12 ’ਤੇ ਬਿਸਰਾਮ ਹੁੰਦਾ ਹੈ ਅਤੇ ਦੋ-ਦੋ ਤੁਕਾਂ ਦਾ ਤੁਕਾਂਤ ਮਿਲਦਾ ਹੈ।

ਉਦਾਹਰਨ

(ੳ) S S SI ISI I S S I S I S I I S S
ਰਾਤੀਂ ਨੀਂਦ ਅਰਾਮ ਨ ਆਵੇ ਦਿਨੇ ਰਹੇ ਨਿੱਤਰਾਹੀ।

(16+12= 28 ਮਾਤਰਾ)

SII SI I SII IIII I S III S S S

ਹਾਸ਼ਮ ਜਾਨ ਛੁਡਾਵਨ ਮੁਸ਼ਕਲ ਬੁਰੀ ਇਸ਼ਕ ਦੀ ਫਾਹੀ

(16+12= 28 ਮਾਤਰਾ)

SS SS S II SS SS SI I I I S

ਆਹੀਂ ਮਾਰੇ ਤੇ ਗ਼ਮ ਖਾਵੇ ਪੀਵੇ ਖ਼ੂਨ ਜਿਗਰ ਦਾ।

(16+12= 28 ਮਾਤਰਾ)

SS SI I S I I S I I I I S III II I S
ਰੋਵੇ ਪੀੜ ਕਰੇ ਦਿਲ ਘਾਇਲ ਜ਼ਖ਼ਮੀ ਵਸਲ ਹਿਜ਼ਰ ਦਾ।

(16+12= 28 ਮਾਤਰਾ)

(ਸੋਹਣੀ ਮਹੀਵਾਲ)

(ਅ) II II SI I S S IIS SI I SI I S S

ਥਲ ਵਿੱਚ ਗੋਰ ਸੱਸੀ ਦੀ ਕਰਕੇ, ਵਾਂਗ ਯਤੀਮ ਨਿਮਾਣੇ।

(16+12= 28 ਮਾਤਰਾ)

II II S II S I III S S S S I I S S

ਗਲ਼ ਖ਼ਫਨੀ ਸਿਰ ਪਾਇ ਬਰਹਿਨਾ, ਬੈਠਾ ਗੋਰ ਸਿਰਾਣੇ।

(16+12= 28 ਮਾਤਰਾ)

II II S I IS II SS S I IS I I SS

ਇੱਕ ਗੱਲ਼ ਜਾਣ ਲਈ ਜਗ ਫ਼ਾਨੀ, ਹੋਰ ਕਲਾਮ ਨ ਜਾਣੇ।

(16+12= 28 ਮਾਤਰਾ)

S II S I ISS SS II II S I ISS

ਹਾਸ਼ਮ ਖ਼ਾਸ ਫਕੀਰੀ ਏਹੋ, ਪਰ ਇਹ ਕੌਣ ਪਛਾਣੇ।

(16+12= 28 ਮਾਤਰਾ)

(ਸੱਸੀ-ਹਾਸ਼ਮ)

ਬੈਂਤ ਛੰਦ

ਲੱਛਣ

ਬੈਂਤ ਅਤੇ ਬੈਂਤ ਇਹ ਦੋਵੇਂ ਰੂਪ ਪ੍ਰਚਲਿਤ ਹਨ। ਬੈਂਤ ਅਰਬੀ ਭਾਸ਼ਾ ਤੋਂ ਆਇਆ ਹੈ। ਦੋ ਤੁਕਾਂ ਦਾ ਮਾਤਰਿਕ ਛੰਦ ਹੋਣ ਕਾਰਨ ਇਹ ਲੰਮੀ ਰਚਨਾ ਲਈ ਬੜਾ ਉਚਿਤ ਮੰਨਿਆ ਜਾਂਦਾ ਰਿਹਾ ਹੈ। ਪਰ ਹੁਣ ਲੰਮੇ-ਲੰਮੇ ਬੈਂਤ ਪੰਜਾਬੀ ਵਿੱਚ ਲਿਖੇ ਮਿਲ਼ਦੇ ਹਨ। ਬੈਂਤ ਦੀਆਂ ਕਈ ਕਿਸਮਾਂ ਹਨ 4 ਤੁਕਾਂ ਤੋਂ ਲੈ ਕੇ 20-22 ਤੁਕਾਂ ਤੱਕ ਬੈਂਤ ਦੀ ਲੰਬਾਈ ਵੇਖੀ ਜਾਂਦੀ ਹੈ। ਹਰ ਤੁਕ ਵਿੱਚ 40 ਮਾਤਰਾ ਹੁੰਦੀਆਂ ਹਨ ਅਤੇ ਬਿਸਰਾਮ 20+20 ਤੇ ਹੁੰਦਾ ਹੈ ਪਰ ਕਈ ਵਾਰ 19 ਜਾਂ 21 ਮਾਤਰਾ ’ਤੇ ਵੀ ਬਿਸਰਾਮ ਹੋ ਜਾਂਦਾ ਹੈ। ਆਮ ਤੌਰ ’ਤੇ ਬੈਂਤ ਵਿੱਚ ਚਾਰ ਤੁਕਾਂ ਦਾ ਹੀ ਵਿਧਾਨ ਹੈ ਹਰ ਤੁਕ ਦੇ ਅੰਤ ਵਿੱਚ ਤੁਕਾਂਤ ਮੇਲ ਹੁੰਦਾ ਹੈ। ਅਹਿਮਦ, ਮੁਕਬਲ ਤੇ ਵਾਰਸ ਦਾ ਇਸ ਛੰਦ ਰਚਨਾ ਵਿੱਚ ਵਿਸ਼ੇਸ਼ ਸਥਾਨ ਹੈ।

ਉਦਾਹਰਨ :

(ੳ) S I S I S S I S S I S S

ਰੱਬ ਰੱਬ ਤਾਂ ਆਖਦਾ ਜੱਗ ਸਾਰਾ,

IS SI S S I SS ISS

ਕਿੰਨੇ ਰੱਬ ਦੀ ਮੂਲ ਨਾ ਸਾਰ ਲੀਤੀ। (20+20= 40 ਮਾਤਰਾ)

IS SIS SIS SIS S

ਕਿਤੇ ਭਾਲਦੇ ਜਾਇਕੇ ਜੰਗਲਾਂ ਮੇਂ

IS III S SIS SI SS

ਕਿਨੇ ਨਗਨ ਹੀ ਧਾਰਨਾ ਧਾਰ ਲੀਤੀ। (20+20= 40 ਮਾਤਰਾ)

(ਪਿੰਗਲ ਤੇ ਅਰੂਜ, ਜੋਗਿੰਦਰ ਸਿੰਘ ਦੁਆਰਾ ਉਧਰਿਤ)

(ਅ) IS I S S IIS I SIS S

ਰਲੇ ਦਿਲਾਂ ਨੂੰ ਜਿਹੜੇ ਵਿਛੋੜਦੇ ਨੀ,

IS ISSIS IIS IS S

ਬੁਰੀ ਬਣੇਗੀ ਤਿੰਨਾਂ ਹਤਿਆਰਿਆਂ ਨੂੰ (20+20= 40 ਮਾਤਰਾ)

II III S III II IISI IIS

ਨਿੱਤ ਹਿਰਸ ਦੇ ਫਿਕਰ ਵਿੱਚ ਗਲਤਾਨ ਰਹਿੰਦੇ,

SI SIS SI SSIS S

ਏਹ ਸ਼ਾਮਤਾਂ ਰੱਬ ਦੇ ਮਾਰਿਆਂ ਨੂੰ। (21+20= 41 ਮਾਤਰਾ)

(ਵਾਰਸ ਸ਼ਾਹ)

(ੲ) SS S I S IS ISI S S

ਰਾਂਝਾ ਆਖਦਾ ਛੜਾ ਛੜਾਕ ਹਾਂ ਮੈਂ,

IS SIS SI S SI SS

ਨਹੀਂ ਜੀਉਂਦਾ, ਮਾਉਂ ਤੇ ਬਾਪ ਮੇਰਾ। (20+20= 40 ਮਾਤਰਾ)

IS SIS SI SSI SS

ਤੁਸਾਂ ਤੁੱਠਿਆਂ ਹੋਇ ਜੀ ਕੰਮ ਮੇਰਾ

IS S I S S I S S I SS

ਤੁਸਾਂ ਤੁੱਠਿਆਂ ਉੱਤਰੇ ਪਾਪ ਮੇਰਾ।(20+20= 40 ਮਾਤਰਾ)

(ਮੁਕਬਲ)

ਔਖੇ ਸ਼ਬਦਾਂ ਦੇ ਅਰਥ -

ਲਘੂ- ਛੋਟੀ।**ਗੁਰੂ**– ਵੱਡੀ।**ਫਿਰਾਕ**– ਵਿਛੋੜਾ, ਵਿਯੋਗ, ਜੁਦਾਈ। **ਕਚਰਕ**– ਕਦੋਂ ਤੱਕ, ਕਿੰਨੇ ਵਕਤ ਤੱਕ।**ਸਪਤ ਸ੍ਰਿੰਗ-** ਹਿਮਾਲਯ ਦੀ ਧਾਰਾ ਵਿੱਚ ਬਦਰੀ ਨਾਰਾਇਣ ਦੇ ਕੋਲ਼, ਹੇਮ ਕੁੰਟ ਦੇ ਨੇੜੇ ਇੱਕ ਸੱਤ ਚੋਟੀਆਂ ਵਾਲ਼ਾ ਪਹਾੜ। **ਘਾਇਲ** – ਜ਼ਖ਼ਮੀ, ਫੱਟੜ।**ਖਫਨੀ** – ਖ਼ੱਫ਼ਨ ਨਾਲ਼ ਸੰਬੰਧਿਤ।**ਗ਼ਲਤਾਨ**– ਫਸਿਆ ਹੋਇਆ, ਰੁਝਿਆ ਹੋਇਆ।

ਅਭਿਆਸ

(ੳ) ਖ਼ਾਲੀ ਸਥਾਨ ਭਰੋ-

1. ________ਬਾਝ ਕਵੀਸ਼ਰੀ ਗੀਤਾ ਬਾਝ ਗਿਆਨ।
2. ਕਵਿਤਾ ਵਿੱਚ ਭਾਸ਼ਾਈ ਧੁਨੀਆਂ ਦਾ ਨੇਮ–ਬੱਧ ਸੰਗਠਨ________ ਅਖਵਾਉਂਦਾ ਹੈ।
3. ਤੁਕ ਦੇ ਅੰਗ ਨੂੰ ________ਕਿਹਾ ਜਾਂਦਾ ਹੈ।
4. ਕੋਰੜਾ ਇੱਕ________ ਛੰਦ ਹੈ।
5. ਚੌਪਈ ਦਾ ਅਰਥ ਹੈ ________ਚਰਨਾ ਵਾਲ਼ਾ ਛੰਦ।

(ਅ) ਇੱਕ ਦੋ ਸ਼ਬਦਾਂ ਵਿੱਚ ਉੱਤਰ ਦਿਓ-

1. ਪਿੰਗਲ ਰਿਸ਼ੀ ਦੇ ਗ੍ਰੰਥ ਦਾ ਨਾਂ ਦੱਸੋ।
2. ਮਾਤਰਾ ਕਿੰਨੇ ਕਿਸਮ ਦੀਆਂ ਹੁੰਦੀਆਂ ਹਨ? ਉਹਨਾਂ ਦੇ ਨਾਂ ਵੀ ਲਿਖੋ।
3. ਲਘੂ ਵਰਨ ਕਿੰਨੀਆਂ ਮਾਤਰਾਵਾਂ ਦੇ ਬਰਾਬਰ ਮੰਨਿਆ ਜਾਂਦਾ ਹੈ?

4. ਦੋਹਰਾ ਛੰਦ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ?
5. ਤੁਹਾਡੇ ਪਾਠ-ਕ੍ਰਮ ਵਿੱਚ 28 ਮਾਤਰਾਵਾਂ (16+12) ਵਾਲ਼ਾ ਕਿਹੜਾ ਛੰਦ ਦਰਜ ਹੈ?

(ੲ) ਵਿਸਤਾਰ ਸਹਿਤ ਉੱਤਰ ਦਿਓ-

1. ਛੰਦ ਤੋਂ ਕੀ ਭਾਵ ਹੈ? ਇਸ ਦੇ ਸਰੂਪ ਤੇ ਲੱਛਣਾਂ ਬਾਰੇ ਚਰਚਾ ਕਰੋ।
2. ਦੋਹਰਾ ਕੀ ਹੁੰਦਾ ਹੈ? ਇਸ ਦੇ ਲੱਛਣ ਲਿਖ ਕੇ ਦੋਹਰਾ ਛੰਦ ਦਾ ਉਦਾਹਰਨ ਪੇਸ਼ ਕਰੋ।
3. ਚੌਪਈ ਛੰਦ ਦੀ ਪਰਿਭਾਸ਼ਾ ਤੇ ਲੱਛਣ ਦੇ ਕੇ ਪੰਜਾਬੀ ਕਵਿਤਾ ਵਿੱਚੋਂ ਉਦਾਹਰਨ ਲਿਖੋ।
4. ਹੇਠ ਲਿਖੇ ਛੰਦਾਂ ਦੇ ਲੱਛਣ ਤੇ ਉਦਾਹਰਨ ਲਿਖੋ:

   ਬੈਂਤ, ਕਬਿੱਤ, ਕੋਰੜਾ, ਦਵਈਆ।
5. ਹੇਠ ਲਿਖੇ ਉਦਾਹਰਨਾਂ ਵਿੱਚ ਬੈਂਤ, ਕਬਿੱਤ,ਕੋਰੜਾ ਤੇ ਦਵਈਆ ਛੰਦ ਹੈ। ਇਹਨਾਂ ਉਦਾਹਰਨਾਂ ਦੇ ਛੰਦਾਂ ਦੀ ਪਛਾਣ ਕਰੋ ਤੇ ਉਹਨਾਂ ਦੇ ਲੱਛਣ ਵੀ ਲਿਖੋ:-

   (ੳ) " ਖਾਤਰ ਇਸ਼ਕ ਗਏ-ਰਲ਼ ਮਿੱਟੀ ਸੂਰਤ ਹੁਸਨ ਜਵਾਨੀ
   ਹਾਸ਼ਮ ਇਸ਼ਕ ਕਮਾਲ ਸੱਸੀ ਦਾ ਜੱਗ ਵਿੱਚ ਰਹੂ ਕਹਾਣੀ।"

   (ਅ) " ਹਾਣੀਆਂ ਦੀ ਢਾਣੀ ਵਿੱਚ ਲਾੜਾ ਸੱਜਦਾ।
   ਬੱਘ,ਬੱਘ ਬੋਲੇ ਬੱਗਾ ਸ਼ੇਰ ਗੱਜਦਾ।
   ਹੀਰੇ ਨੂੰ ਅਰਕ ਨਾਲ਼ ਹੁੱਜਾਂ ਮਾਰਦਾ।
   ਸੈਨਤਾਂ ਦੇ ਨਾਲ਼ ਰਾਮੇ ਨੂੰ ਵੰਗਾਰਦਾ।"

   (ੲ) ਨਾਥਾਂ ਜਿਉਂਦਿਆਂ ਮਰਨ ਹੈ ਖਰਾ ਔਖਾ
   ਸਾਥੋਂ ਇਹ ਨਾ ਵਾਅਦੇ ਹੋਵਣੇ ਨੀ।
   ਅਸੀਂ ਜੱਟ ਹਾਂ ਨਾੜੀਆਂ ਕਰਨ ਵਾਲ਼ੇ।
   ਅਸਾਂ ਕਚਕੜੇ ਨਹੀਂ ਪਰੋਵਣੇ ਨੀ।

ਅਸੀਂ ਕੰਨ ਪੜਾਇ ਖੁਆਰ ਹੋਏ।
ਸਾਥੋਂ ਨਹੀਂ ਹੋਂਦੇ ਐਡੇ ਰੋਵਣੇ ਨੀ।
ਸਾਥੋਂ ਖੱਪਰੀ ਨਾਦ ਨਾ ਜਾਣ ਸਾਂਭੇ।
ਅਸਾਂ ਢੱਗੇ ਹੀ ਅੰਤ ਨੂੰ ਜੋਵਣੇ ਨੀ।

(ਸ) ਭਾਈਆਂ ਬਗ਼ੈਰ ਕੋਈ ਪੈਰ ਨਾ ਧਰਨ ਦੇਵੇ,
ਭਾਈ ਉਠ ਜਾਣ ਭੱਜ ਪੈਂਦੀਆਂ ਜੇ ਬਾਹਾਂ ਉਇ।
ਭਾਈਆਂ ਬਗ਼ੈਰ ਲੋਕ ਸੱਥ ਵਿੱਚ ਦੇਣ ਗਾਲੀਂ,
ਭਾਈ ਹੁੰਦੇ ਪਾਸ ਲੱਖ ਹੁੰਦੀਆਂ ਪਨਾਹਾਂ ਉਇ।
ਭਾਈ ਉਠ ਜਾਣ ਤਾਂ ਜਹਾਨ ਵਿੱਚ ਸੁੰਞ ਹੋਵੇ,
ਭਾਈ ਹੁੰਦੇ ਪਾਸ ਲੱਖ ਹੁੰਦੀਆਂ ਸਲਾਹਾਂ ਉਇ।
ਬਾਂਹ ਫੜ ਰਾਂਝੇ ਨੂੰ ਪੁਕਾਰਨ ਪ੍ਰੇਮ ਨਾਲ਼,
ਚਲ ਭਗਵਾਨ ਸਿੰਘ ਉਠ ਕੇ ਪਿਛਾਂਹਾਂ ਉਇ।

ਅਧਿਆਇ-ਤੀਜਾ

ਅਲੰਕਾਰ

ਲੱਛਣ ਤੇ ਸਰੂਪ

ਅਲੰਕਾਰ ਕਵਿਤਾ ਦੇ ਗਹਿਣੇ ਹਨ। ਜਿਵੇਂ ਆਦਮੀ ਆਪਣੇ ਸਰੀਰ ਨੂੰ ਸੋਹਣਾ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਕਈ ਤਰ੍ਹਾਂ ਦੇ ਗਹਿਣੇ ਪਹਿਨਦਾ ਹੈ ਅਤੇ ਆਪਣੇ ਆਪ ਨੂੰ ਸਜਾਉਂਦਾ ਹੈ, ਉਸੇ ਤਰ੍ਹਾਂ ਕਵੀ ਵੀ ਆਪਣੀਆਂ ਕਵਿਤਾਵਾਂ ਨੂੰ ਵਧੇਰੇ ਸੁਹਜਮਈ ਤੇ ਪ੍ਰਭਾਵਜਨਕ ਬਣਾਉਣ ਲਈ ਕਈ ਤਰ੍ਹਾਂ ਦੀਆਂ ਸਜਾਵਟੀ ਜੁਗਤਾਂ ਵਰਤਦਾ ਹੈ। ਕਵੀ ਤੇ ਸਾਹਿਤਕਾਰ ਦੀਆਂ ਇਹਨਾਂ ਸੁਹਜਾਤਮਿਕ ਜੁਗਤਾਂ ਨੂੰ ਹੀ ਆਮ ਤੌਰ 'ਤੇ ਅਲੰਕਾਰ ਕਿਹਾ ਜਾਂਦਾ ਹੈ।

ਅਲੰਕਾਰ ਦਾ ਅੱਖਰੀ ਅਰਥ ਹੀ ਗਹਿਣੇ, ਜ਼ੇਵਰ, ਭੂਸ਼ਣ, ਟੂੰਬਾਂ, ਸਜਾਵਟ, ਸੁਹਜ-ਸ਼ਿੰਗਾਰ ਆਦਿ ਹਨ। ਅਲੰਕਾਰ, ਇਹ ਨਾਂ ਹੀ ਇਸ ਕਰਕੇ ਪਿਆ ਹੈ ਕਿ ਇਸ ਦਾ ਕੰਮ ਤੇ ਇਸ ਦਾ ਮਨੋਰਥ ਹੀ ਸਾਜ-ਸਜਾਵਟ ਹੈ। ਪਰ ਇਹ ਚੇਤੇ ਰੱਖਣ ਵਾਲ਼ੀ ਗੱਲ ਹੈ ਕਿ ਅਲੰਕਾਰਾਂ ਦੀ ਸਾਜ-ਸਜਾਵਟ ਕਵਿਤਾ ਉੱਤੇ ਭਾਰੂ ਨਹੀਂ ਹੋਣੀ ਚਾਹੀਦੀ ਸਗੋਂ ਕਵਿਤਾ ਦੇ ਭਾਵ ਤੇ ਪ੍ਰਭਾਵ ਨੂੰ ਉਜਾਗਰ ਕਰਨ ਵਾਲ਼ੀ ਹੋਣੀ ਚਾਹੀਦੀ ਹੈ।

ਕਵੀ ਆਪਣੀਆਂ ਕਾਵਿ-ਕਿਰਤਾਂ ਵਿੱਚ ਅੱਖਰਾਂ, ਵਰਨਾਂ, ਸ਼ਬਦਾਂ, ਵਾਕਾਂ ਤੇ ਮੁਹਾਵਰਿਆਂ ਨੂੰ ਇਸ ਤਰਾਂ ਬੀੜਦਾ ਤੇ ਜੋੜਦਾ ਹੈ ਕਿ ਉਹਨਾਂ ਦੇ ਜੋੜ-ਸੰਜੋਗ ਤੋਂ ਨਵੇਕਲਾ ਚਮਤਕਾਰੀ ਸੁਹਜ ਉੱਭਰਦਾ ਹੈ। ਇਹ ਚਮਤਕਾਰੀ ਸੁਹਜ ਹੀ ਅਲੰਕਾਰ ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ। ਕਈ ਵਾਰ ਕਵੀ ਅਰਥਾਂ ਦੇ ਪੱਧਰ ਤੇ ਵੀ ਬੜੀ ਅਨੋਖੀ ਗੱਲ ਕਰ ਜਾਂਦਾ ਹੈ ਅਤੇ ਉਸ ਦੇ ਅਰਥ ਵੀ ਚਮਤਕਾਰੀ ਸੁਹਜ ਪੈਦਾ ਕਰ ਜਾਂਦੇ ਹਨ, ਜਿੰਨਾਂ ਨੂੰ ਸੁਣ ਕੇ, ਸਮਝ ਕੇ ਪਾਠਕ ਤੇ ਸ੍ਰੋਤੇ ਝੂਮ ਉੱਠਦੇ ਹਨ ਅਤੇ 'ਵਾਹ ਵਾਹ' ਕਰਨ ਲੱਗ ਪੈਂਦੇ ਹਨ। ਅਜਿਹੀਆਂ ਸਾਰੀਆਂ ਕਲਾ-ਜੁਗਤਾਂ ਅਤੇ ਸੁਹਜ-ਵਿਧੀਆਂ ਨੂੰ ਵਿਦਵਾਨਾਂ ਨੇ "ਅਲੰਕਾਰ" ਦਾ ਨਾਂ ਦਿੱਤਾ ਹੈ।

ਇਸ ਤਰ੍ਹਾਂ ਕਵੀ ਆਪਣੀਆਂ ਕਵਿਤਾਵਾਂ ਵਿੱਚ, ਧੁਨੀਆਂ, ਸ਼ਬਦਾਂ, ਵਾਕਾਂ, ਮੁਹਾਵਰਿਆਂ ਅਤੇ ਸ਼ਬਦ ਅਰਥਾਂ ਦੀ ਵਿਲੱਖਣ ਵਰਤੋਂ ਕਰਕੇ ਕਈ ਤਰ੍ਹਾਂ ਦੇ ਅਲੰਕਾਰ ਪੈਦਾ ਕਰਦੇ ਹਨ। ਅਲੰਕਾਰ ਸੰਬੰਧੀ ਸਾਰੀ ਚਰਚਾ ਨੂੰ ਅਸੀਂ ਇੱਕ-ਦੋ ਢੁਕਵੀਆਂ ਮਿਸਾਲਾਂ ਦੇ ਕੇ ਸਮਝਾਉਣ ਦੀ ਕੋਸ਼ਸ਼ ਕਰਦੇ ਹਾਂ। ਪੰਜਾਬੀ ਦੇ ਮਸ਼ਹੂਰ ਕਵੀ ਪ੍ਰੋ. ਮੋਹਨ ਸਿੰਘ ਦੀ ਗਜ਼ਲ ਦਾ ਬੰਦ ਹੈ -

" ਚਿੱਟੇ ਚਾਨਣ ਦਾ ਦੁੱਧ ਡੁਲਿਆ
ਤੇ ਮਟਕੀ ਭੱਜੀ ਹਨੇਰੇ ਦੀ।
ਛੱਡ ਰਾਤਾਂ ਦੀਆਂ ਹਕਾਇਤਾਂ ਨੂੰ
ਕੋਈ ਗੱਲ ਕਰ ਨਵੇਂ ਸਵੇਰੇ ਦੀ। "

ਇਸ ਕਾਵਿ-ਬੰਦ ਵਿੱਚ ਬਹੁਤ ਸੋਹਣੇ ਅਲੰਕਾਰ ਹਨ। ਏਥੇ ਕਵੀ ਨੇ ਚਿੱਟੇ ਚਾਨਣ ਨੂੰ ਦੁੱਧ ਬਣਾਇਆ ਹੈ ਅਤੇ ਹਨੇਰੇ ਨੂੰ ਮਟਕੀ ਬਣਾਇਆ ਹੈ। ਕਵੀ ਆਖਦਾ ਹੈ ਕਿ ਜਦੋਂ ਹਨੇਰੇ ਦੀ ਮਟਕੀ ਟੁੱਟ ਗਈ ਤਾਂ ਵਿੱਚੋਂ ਚਾਨਣ ਦਾ ਦੁੱਧ ਡੁੱਲ੍ਹ ਗਿਆ। ਭਾਵ ਇਹ ਹੈ ਕਿ ਮਨੁੱਖ ਅਗਿਆਨ ਦੇ ਹਨੇਰੇ ਵਿੱਚੋਂ ਨਿਕਲ਼ ਕੇ ਗਿਆਨ ਦੇ ਚਾਨਣ ਵਿੱਚ ਆਇਆ ਹੈ। ਹੁਣ ਗਿਆਨ ਦਾ ਨਵਾਂ ਸਵੇਰਾ ਆ ਗਿਆ ਹੈ। ਚਾਨਣ ਤੇ ਦੁੱਧ ਦਾ ਰੰਗ ਚਿੱਟਾ ਹੈ ਅਤੇ ਹਨੇਰੇ ਤੇ ਮਟਕੀ ਦਾ ਰੰਗ ਕਾਲ਼ਾ ਹੈ। ਇਹ ਦੋਵੇਂ ਆਪਸ ਵਿੱਚ ਮਿਲ਼ਦੇ ਹਨ। ਇਸ ਲਈ ਕਵੀ ਨੇ ਚਾਨਣ ਤੇ ਹਨੇਰੇ ਦੀ ਗੱਲ ਕਰਨ ਲਈ ਦੁੱਧ ਤੇ ਮਟਕੀ ਦੀ ਉਪਮਾ ਪੇਸ਼ ਕੀਤੀ ਹੈ। ਦੋਂਹਾਂ ਵਿੱਚ ਇਕਰੂਪਤਾ ਹੋਣ ਕਰਕੇ ਇਹ 'ਰੂਪਕ' ਅਲੰਕਾਰ ਬਣਦਾ ਹੈ। ਏਸੇ ਤਰ੍ਹਾਂ ਮੋਹਨ ਸਿੰਘ ਦੀ ਇੱਕ ਹੋਰ ਕਵਿਤਾ "ਆਵਾਜ਼ਾਂ" ਕਾਵਿ ਸੰਗ੍ਰਹਿ ਵਿੱਚ 'ਸਵੇਰ' ਹੈ, ਜਿਸ ਦਾ ਮਸ਼ਹੂਰ ਬੰਦ ਹੈ:-

ਲੋਪ ਹੋ ਗਈ ਚੰਨ ਦੀ ਦਾਤੀ
ਵਾਢੀ ਕਰਕੇ ਨੇਰ੍ਹੇ ਦੀ।
ਪੂਰਬ ਦੀ ਨਿਰਮਲ ਨੈਂ ਉੱਤੇ
ਕੇਸਰ-ਤੁਰੀਆਂ ਤਰੀਆਂ ਨੇ।

ਏਥੇ ਕਵੀ ਨੇ ਚੰਨ ਨੂੰ ਦਾਤਰੀ, ਹਨੇਰੇ ਨੂੰ ਫ਼ਸਲ ਅਤੇ ਪੂਰਬ ਦਿਸ਼ਾ ਨੂੰ ਨੈਂ(ਨਦੀ) ਬਣਾਇਆ ਹੈ। ਚੰਨ ਨੂੰ ਦਾਤਰੀ ਨਾਲ਼ ਹਮ-ਸ਼ਕਲ ਮੰਨ ਕੇ ਇੱਕ ਰੂਪ ਤੇ ਅਭੇਦ ਕਰ ਦਿੱਤਾ ਹੈ। ਦਾਤਰੀ ਦਾ ਕੰਮ ਵੱਢਣਾ ਹੈ। ਏਥੇ ਚੰਨ ਦੀ ਦਾਤਰੀ ਹਨੇਰੇ ਦੀ ਫ਼ਸਲ ਨੂੰ ਵੱਢ ਰਹੀ ਹੈ। ਅਰਥਾਤ ਹਨੇਰਾ ਖ਼ਤਮ ਹੋਇਆ ਹੈ ਅਤੇ ਚੜ੍ਹਦੇ ਵਾਲ਼ੇ ਪਾਸੇ ਪੂਰਬ ਵਿੱਚ ਪਹੁਫੁੱਟੀ ਦਾ ਉਜਾਲਾ ਚਮਕ ਰਿਹਾ ਹੈ। ਕਵੀ ਦੱਸਣਾ ਚਾਹੁੰਦਾ ਹੈ ਕਿ ਸਵੇਰਾ ਹੋ ਰਿਹਾ ਹੈ ਪਰ ਇਸ ਨਿੱਕੀ ਜਿਹੀ ਗੱਲ ਨੂੰ ਕਵੀ ਨੇ ਅਲੰਕਾਰਾਂ ਦੀਆਂ ਜੁਗਤਾਂ ਨਾਲ਼ ਕਿੰਨਾ ਸੁਹਜਮਈ ਬਣਾ ਦਿੱਤਾ ਹੈ। ਏਥੇ ਰੂਪਕ ਅਲੰਕਾਰ ਹਨ। ਇਹਨਾਂ ਉਪਰੋਕਤ ਉਦਾਹਰਨਾਂ ਤੋਂ ਸਾਫ਼ ਪਤਾ ਲੱਗਦਾ ਹੈ ਕਿ ਕਵਿਤਾ ਵਿੱਚ ਅਲੰਕਾਰ ਕਿਵੇਂ ਪੈਦਾ ਕੀਤੇ ਜਾਂਦੇ ਹਨ ਅਤੇ ਇਹਨਾਂ ਨਾਲ਼ ਕਵਿਤਾ ਕਿਵੇਂ ਵਧੇਰੇ ਸੁੰਦਰ, ਰੋਚਕ ਤੇ ਮਨਪਸੰਦ ਬਣ ਜਾਂਦੀ ਹੈ।

ਭਾਰਤ ਦੇ ਵਿਦਵਾਨਾਂ ਨੇ ਅਲੰਕਾਰ ਨੂੰ ਕਵਿਤਾ ਦਾ ਇੱਕ ਜ਼ਰੂਰੀ ਤੱਤ ਮੰਨਿਆ ਹੈ। ਅਲੰਕਾਰ ਦੇ ਸਿਧਾਂਤ ਉੱਤੇ ਪਿਛਲੇ ਡੇਢ-ਦੋ ਹਜ਼ਾਰ ਸਾਲਾਂ ਤੋਂ ਵਿਚਾਰ ਹੁੰਦਾ ਆਇਆ ਹੈ। ਅਲੰਕਾਰਾਂ ਦਾ ਸਭ ਤੋਂ ਪਹਿਲਾਂ ਵਿਚਾਰ ਕਰਨ ਵਾਲ਼ੇ ਆਚਾਰੀਆ ਭਰਤਮੁਨੀ ਹਨ, ਜਿੰਨ੍ਹਾਂ ਦਾ ਲਿਖਿਆ ਗ੍ਰੰਥ "ਨਾਟ ਸ਼ਾਸਤ੍ਰ" ਬਹੁਤ ਮਸ਼ਹੂਰ ਹੈ। ਹੋਰ ਵੀ ਅਨੇਕ ਵਿਦਵਾਨ ਹੋਏ ਹਨ ਜਿਨ੍ਹਾਂ ਨੇ "ਅਲੰਕਾਰ ਕੀ ਹੈ", ਇਸ ਨੂੰ ਦੱਸਣ ਤੇ ਉਪਰਾਲੇ ਕੀਤੇ ਹਨ ਪਰ ਲੰਮੀਆਂ ਬਹਿਸਾਂ ਦਾ ਨਿਚੋੜ ਇਹੋ ਮਿਲ਼ਦਾ ਹੈ ਕਿ -

"ਅਲੰਕਾਰ ਕਾਵਿ-ਕਲਾ ਦਾ ਅਨੋਖਾ ਤੇ ਨਿਰਾਲਾ ਢੰਗ ਹੈ ਜੋ ਕਵੀ ਦੇ ਬੋਲਾਂ ਤੇ ਸ਼ਬਦਾਂ ਵਿੱਚ ਅਦਭੁਤ ਚਮਤਕਾਰ ਪੈਦਾ ਕਰਕੇ ਕਵਿਤਾ ਦੇ ਸੁਹਜ ਵਿੱਚ ਵਾਧਾ ਕਰਦਾ ਹੈ।"

ਇਸ ਤਰ੍ਹਾਂ ਅਲੰਕਾਰ ਕਵਿਤਾ ਵਿੱਚ ਕਈ ਤਰ੍ਹਾਂ ਦੇ ਕੰਮ ਕਰਦੇ ਹਨ, ਉਹਨਾਂ ਦੇ ਕਈ ਮੰਤਵ ਹਨ :

- ਅਲੰਕਾਰ ਕਾਵਿ ਦੀ ਸੁਹਜ ਤੇ ਸ਼ੋਭਾ ਵਧਾਉਂਦੇ ਹਨ।
- ਅਲੰਕਾਰ ਕਾਵਿ ਨੂੰ ਚਮਤਕਾਰੀ ਤੇ ਪ੍ਰਭਾਵਸ਼ਾਲੀ ਬਣਾਉਂਦੇ ਹਨ।
- ਅਲੰਕਾਰ ਅਰਥਾਂ ਵਿੱਚ ਸਪਸ਼ਟਤਾ ਪੈਦਾ ਕਰਦੇ ਹਨ।
- ਅਲੰਕਾਰ ਕਵਿਤਾ ਨੂੰ ਸੁਆਦਲਾ ਬਣਾਉਂਦੇ ਹਨ।

ਅਲੰਕਾਰ ਬੇਅੰਤ ਹਨ ਕਿਉਂਕਿ ਅਲੰਕਾਰ ਕਵੀ ਦੇ ਕਟਾਖ, ਵਿਅੰਗ ਤੇ ਅਦਾ ਕਰਨ ਦੇ ਕਥਨ-ਢੰਗ ਹੀ ਹਨ। ਕਵੀ ਆਪਣੀ ਅਨੋਖੀ ਕਲਪਨਾ ਤੇ ਵਿਚਿੱਤਰ ਸ਼ੈਲੀ ਦੁਆਰਾ ਨਵੀਆਂ-ਨਵੀਆਂ ਅਲੰਕਾਰਿਕ ਜੁਗਤਾਂ ਨੂੰ ਉਜਾਗਰ ਕਰਦਾ ਹੈ। ਇਹਨਾਂ ਅਲੰਕਾਰਿਕ ਜੁਗਤਾਂ ਨਾਲ਼ ਸੁਹਿਰਦ ਪਾਠਕ ਤੇ ਸ੍ਰੋਤੇ ਨੂੰ ਕੋਈ ਅਨੰਦਮਈ ਚਟਖਾਰਾ ਮਿਲ਼ਦਾ ਹੈ। ਇਸ ਲਈ ਅਲੰਕਾਰ ਰਮਜ਼ਾਂ 'ਤੇ ਸੈਨਤਾਂ ਵਾਂਗੂ ਪ੍ਰਤੀਤ ਹੁੰਦੇ ਹਨ। ਕਵੀ ਇਹਨਾਂ ਦਾ ਕਵਿਤਾ ਵਿੱਚ ਪ੍ਰਤੱਖ ਤੌਰ 'ਤੇ ਕੋਈ ਵਰਨਣ ਨਹੀਂ ਕਰਦਾ। ਕਵਿਤਾ ਦੀ ਰਚਨਾ ਕਰਨ ਤੋਂ ਪਿੱਛੋਂ ਆਲੋਚਕ ਤੇ ਪਾਠਕ ਹੀ ਕਵਿਤਾਵਾਂ ਵਿੱਚੋਂ ਅਲੰਕਾਰਾਂ ਦੀ ਢੂੰਡ ਤੇ ਪਛਾਣ ਕਰਨ ਲਈ ਯਤਨਸ਼ੀਲ ਹੁੰਦੇ ਹਨ। ਅਲੰਕਾਰਾਂ ਨੂੰ ਤਿੰਨ ਵਰਗਾਂ ਵਿੱਚ ਵੰਡਿਆ ਹੈ :-

1. ਸ਼ਬਦ-ਅਲੰਕਾਰ (ਪਹਿਲਾ ਵਰਗ)
2. ਅਰਥ-ਅਲੰਕਾਰ (ਦੂਜਾ ਵਰਗ)
3. ਸ਼ਬਦਾਰਥ-ਅਲੰਕਾਰ (ਤੀਜਾ ਵਰਗ)

ਸ਼ਬਦਾਂ ਦੀ ਸਹਾਇਤਾ ਨਾਲ਼ ਕਵਿਤਾ ਨੂੰ ਚਮਤਕਾਰ ਬਖ਼ਸ਼ਣਾ ਸ਼ਬਦ ਅਲੰਕਾਰਾਂ ਦੇ ਘੇਰੇ ਵਿੱਚ ਆਉਂਦਾ ਹੈ। ਜਿਹੜੇ ਸ਼ਬਦ ਜਾਂ ਸ਼ਬਦਾਂ ਦੀ ਸਹਾਇਤਾ ਨਾਲ਼ ਜੋ ਅਲੰਕਾਰ ਪ੍ਰਤੀਤ ਹੁੰਦਾ ਹੈ, ਜੇਕਰ ਉਸ ਸ਼ਬਦ ਜਾਂ ਟੂਕ ਨੂੰ ਕਵਿਤਾ ਵਿੱਚੋਂ ਹਟਾ ਦੇਈਏ ਤਾਂ ਉਹ ਅਲੰਕਾਰ ਵੀ ਹਟ ਜਾਂਦਾ ਹੈ। ਸ਼ਬਦ ਨਿਰਭਰ ਹੋਣ ਕਰਕੇ ਉਹ ਸ਼ਬਦ ਅਲੰਕਾਰ ਹਨ। ਸ਼ਬਦ-ਅਲੰਕਾਰ ਕਈ ਤਰ੍ਹਾਂ ਦੇ ਹੁੰਦੇ ਹਨ। ਜਿਹੜੇ ਅਲੰਕਾਰ ਕਵਿਤਾ ਦੇ ਅਰਥਾਂ ਉੱਤੇ ਨਿਰਭਰ ਹੁੰਦੇ ਹਨ, ਉਹਨਾਂ ਨੂੰ ਅਰਥ-ਅਲੰਕਾਰ ਕਿਹਾ ਜਾਂਦਾ ਹੈ। ਅਰਥ-ਅਲੰਕਾਰਾਂ ਦੀਆਂ ਵੀ ਕਈ ਕਿਸਮਾਂ ਹਨ। ਜਿਹੜੇ ਸ਼ਬਦ ਤੇ ਅਰਥ ਦੋਂਹਾਂ 'ਤੇ ਨਿਰਭਰ ਹੁੰਦੇ ਹਨ, ਉਹਨਾਂ ਨੂੰ ਸ਼ਬਦਾਰਥ-ਅਲੰਕਾਰ ਕਿਹਾ ਜਾਂਦਾ ਹੈ। ਪਰ ਜ਼ਿਆਦਾ ਕਰਕੇ ਸ਼ਬਦ-ਅਲੰਕਾਰ ਤੇ ਅਰਥ-ਅਲੰਕਾਰ ਹੀ ਪ੍ਰਸਿੱਧ ਹਨ।

ਹੁਣ ਅਸੀਂ ਮੁੱਖ-ਮੁੱਖ ਅਲੰਕਾਰਾਂ ਦੀਆਂ ਪਰਿਭਾਸ਼ਾਵਾਂ, ਲੱਛਣ ਤੇ ਉਦਾਹਰਨ ਦੇ ਕੇ ਉਹਨਾਂ ਨੂੰ ਖੋਲ਼ ਕੇ ਸਮਝਾਉਣ ਦਾ ਯਤਨ ਕਰਦੇ ਹਾਂ।

ਅਨੁਪ੍ਰਾਸ ਅਲੰਕਾਰ

ਪਰਿਭਾਸ਼ਾ-- " ਜਦ ਕਵਿਤਾ ਵਿੱਚ ਇੱਕੋ ਜਿਹੇ ਸਮਾਨ ਵਰਨਾਂ, ਅੱਖਰਾਂ ਜਾਂ ਸ਼ਬਦਾਂ ਦਾ ਵਾਰ-ਵਾਰ ਦੁਹਰਾਉ ਇਸ ਤਰ੍ਹਾਂ ਹੋਵੇ ਕਿ ਉਸ ਵਿੱਚ ਸੰਗੀਤਕ ਲੈਅ, ਵਜ਼ਨ ਤੇ ਤੋਲ ਪੈਦਾ ਹੋਵੇ, ਉਸ ਨੂੰ ਅਨੁਪ੍ਰਾਸ ਅਲੰਕਾਰ ਕਿਹਾ ਜਾਂਦਾ ਹੈ।"

ਵਿਆਖਿਆ-- ਅਨੁਪ੍ਰਾਸ ਦਾ ਅਰਥ ਹੈ ਕਿ ਵਾਰ-ਵਾਰ ਦੁਹਰਾਉ। ਇਹ ਦੁਹਰਾਉ ਜਾਂ ਵਾਰ-ਵਾਰ ਵਰਤੋਂ ਅੱਖਰਾਂ ਦੀ, ਸ਼ਬਦਾਂ ਦੀ ਜਾਂ ਸ਼ਬਦਾਂਸ਼ਾਂ ਦੀ ਹੋ ਸਕਦੀ ਹੈ, ਸ਼ਰਤ ਇਹ ਹੈ ਕਿ ਇੱਕੋ ਤੁਕ, ਕਾਵਿ-ਪੰਗਤੀ ਜਾਂ ਕਾਵਿ-ਬੰਦ ਵਿੱਚ ਹੋਵੇ।

ਉਦਾਹਰਨ

ਫਿਰ ਰੂਪ, ਸਰੂਪ, ਅਨੂਪ ਦਿਸੇ,
ਫਿਰ ਜ਼ਿੰਦ ਦੀਵਾਨੀ ਝੱਲੀ ਝੱਲੀ।
ਫਿਰ ਹੋਸ਼, ਬੇਹੋਸ਼, ਮਦਹੋਸ਼ ਹੋਈ,
ਫਿਰ ਪਤ ਰੁਲੇਂਦੀ ਗਲ਼ੀ-ਗਲ਼ੀ

(ਮੋਹਨ ਸਿੰਘ : ਆਵਾਜ਼ਾਂ)

ਇਸ ਵਿੱਚ ਰੂਪ, ਸਰੂਪ, ਅਨੂਪ ਵਿੱਚ ਆਏ "ਊਪ" ਅੱਖਰ ਤਿੰਨ ਵਾਰ ਦੁਹਰਾਏ ਗਏ ਹਨ। ਇਸੇ ਤਰ੍ਹਾਂ ਹੋਸ਼, ਬੇਹੋਸ਼, ਮਦਹੋਸ਼ ਵਿੱਚ ਵੀ 'ਹੋਸ਼' ਸ਼ਬਦਾਂਸ਼ ਤਿੰਨ ਵਾਰ ਵਰਤਿਆ ਗਿਆ ਹੈ। ਇਸ ਦੁਹਰਾਉ ਨਾਲ਼ ਇੱਕ ਸੰਗੀਤਕ ਲੈਅ ਪੈਦਾ ਹੁੰਦੀ

ਹੈ। ਇਹ ਅਨੁਪ੍ਰਾਸ ਅਲੰਕਾਰ ਦਾ ਉਦਾਹਰਨ ਹੈ। ਅਨੁਪ੍ਰਾਸ ਇੱਕ ਸ਼ਬਦ ਅਲੰਕਾਰ ਹੈ ਜੋ ਸ਼ਬਦਾਂ ਦੇ ਪ੍ਰਯੋਗ 'ਤੇ ਨਿਰਭਰ ਹੈ। ਜੇਕਰ ਉਪਰੋਕਤ ਉਦਾਹਰਨ ਵਿੱਚ 'ਰੂਪ' ਦੀ ਥਾਂ 'ਸ਼ਕਲ' ਵਰਤ ਲਈਏ ਅਤੇ ਸਰੂਪ ਦੀ ਥਾਂ ਸੁੰਦਰ ਰੱਖ ਲਈਏ ਤਾਂ ਅਨੁਪ੍ਰਾਸ ਅਲੰਕਾਰ ਨਹੀਂ ਬਣ ਸਕੇਗਾ। ਇਸ ਲਈ ਖ਼ਾਸ ਸ਼ਬਦਾਂ ਦੀ ਵਰਤੋਂ ਕਰਕੇ ਅਨੁਪ੍ਰਾਸ ਅਲੰਕਾਰ ਪ੍ਰਗਟ ਹੁੰਦਾ ਹੈ। ਇਸ ਕਰਕੇ ਅਨੁਪ੍ਰਾਸ ਇੱਕ ਸ਼ਬਦ ਅਲੰਕਾਰ ਹੈ। ਅਨੁਪ੍ਰਾਸ ਅਲੰਕਾਰ ਦੇ ਪੰਜ ਭੇਦ ਹਨ। ਛੇਕ ਅਨੁਪ੍ਰਾਸ, ਵ੍ਰਿਤੀ ਅਨੁਪ੍ਰਾਸ, ਸ਼ਰੁਤੀ ਅਨੁਪ੍ਰਾਸ, ਲਾਟ ਅਨੁਪ੍ਰਾਸ ਤੇ ਅੰਤ ਅਨੁਪ੍ਰਾਸ।

ਅਨੁਪ੍ਰਾਸ ਅਲੰਕਾਰ ਦੇ ਕੁਝ ਹੋਰ ਉਦਾਹਰਨ–

ਭਾਉ ਭਗਤਿ ਭਉ ਭੇਲ, ਸਾਧ ਸਰੇਸਿਆ।
ਨਿੱਤ ਨਿੱਤ ਨਵਲ ਨਵੇਲ ਗੁਰਮੁਖ ਭੇਸਿਆ। (ਭਾਈ ਗੁਰਦਾਸ)

ਜਾਂ

ਪਾਗ਼ਲ ਖਾਨਾ ਸ਼ੋਰ ਬੁਣ ਰਿਹਾ।
ਜਨ–ਜੰਗਲ਼ ਵਿਰਲਾਪ ਕਰ ਰਿਹਾ।
ਕੁਰਬਲ ਕੁਰਬਲ ਕੋਟ ਕਰੋੜਾਂ,
ਕਿਰਮ ਆਪਣਾ ਕਰਮ ਕਰ ਰਹੇ।

(ਸੁਰਜੀਤ ਪਾਤਰ, 'ਸਾਜ')

ਇਸ ਜਰਖੇਜ਼ ਜ਼ਮੀਨ ਦੇ ਲੂੰ–ਲੂੰ ਫੁੱਟਿਆ ਜ਼ਹਿਰ
ਗਿੱਠ–ਗਿੱਠ ਚੜੀਆਂ ਲਾਲੀਆਂ, ਫੁੱਟ–ਫੁੱਟ ਚੜਿਆ ਕਹਿਰ।
ਵਿਹੁ ਵਿਲਿੱਸੀ ਵਾ ਫਿਰ ਵਣ ਵਣ ਵੱਗੀ ਜਾ
ਉਹਨੇ ਹਰ ਇੱਕ ਵਾਂਸ ਦੀ ਵੰਝਲੀ ਦਿੱਤੀ ਨਾਗ ਬਣਾ।

ਅੰਮ੍ਰਿਤਾ ਪ੍ਰੀਤਮ–(ਵਾਰਸ ਸ਼ਾਹ)

ਉਪਮਾ ਅਲੰਕਾਰ

ਵਿਆਖਿਆ -- ਅਲੰਕਾਰਾਂ ਵਿੱਚੋਂ ਉਪਮਾ ਅਲੰਕਾਰ ਸਭ ਤੋਂ ਵੱਧ ਮਸ਼ਹੂਰ ਅਲੰਕਾਰ ਹੈ। ਪੰਜਾਬੀ ਵਿੱਚ ਉਪਮਾ ਦਾ ਆਮ ਅਰਥ ਜਸ, ਕੀਰਤੀ, ਵਡਿਆਈ, ਪ੍ਰਸੰਸਾ ਆਦਿ ਲਿਆ ਜਾਂਦਾ ਹੈ। ਪਰ ਅਲੰਕਾਰਾਂ ਦੇ ਪ੍ਰਸੰਗ ਵਿੱਚ "ਉਪਮਾ" ਤੋਂ ਇਹ ਆਮ ਅਰਥ ਨਹੀਂ ਲਿਆ ਜਾਂਦਾ। ਸਗੋਂ ਏਥੇ ਉਪਮਾ ਇੱਕ ਅਲੰਕਾਰ ਦਾ ਨਾਂ ਹੈ। ਅਸੀਂ ਕਵਿਤਾ ਅਤੇ ਕਵਿਤਾ ਤੋਂ ਬਾਹਰ ਵੀ ਆਮ ਗੱਲ–ਬਾਤ ਵਿੱਚ ਬਹੁਤ ਵਾਰ ਉਪਮਾ

ਅਲੰਕਾਰ ਵਾਲ਼ੇ ਵਾਕ ਜਾਂ ਤੁਕਾਂ ਬੋਲਦੇ ਰਹਿੰਦੇ ਹਾਂ। ਸਾਡੀ ਬੋਲੀ ਵਿੱਚ ਇਹ ਵਾਕ ਤਾਂ ਆਮ ਸੁਣਿਆ ਜਾਂਦਾ ਹੈ :

" ਉਸ ਦਾ ਮੁਖੜਾ ਚੰਦ ਵਰਗਾ ਸੋਹਣਾ ਹੈ "

ਇਹ ਉਪਮਾ ਅਲੰਕਾਰ ਹੈ। ਇਸ ਵਿੱਚ ਚਾਰ ਤੱਤ ਹਨ-

1. ਮੁਖੜਾ
2. ਚੰਦ
3. ਸੋਹਣਾ
4. ਵਰਗਾ।

ਜਿੱਥੇ ਇਹ ਚਾਰ ਤੱਤ ਇੱਕਠੇ ਕਿਸੇ ਕਾਵਿ-ਟੋਟੇ ਵਿੱਚ ਹੋਣਗੇ। ਉੱਥੇ ਉਪਮਾ ਅਲੰਕਾਰ ਹੁੰਦਾ ਹੈ। ਵਿਦਵਾਨਾਂ ਨੇ ਇਹਨਾਂ ਚਾਰੇ ਤੱਤਾਂ ਦੇ ਇਹ ਨਾਂ ਰੱਖੇ ਹਨ--

1. ਉਪਮੇਯ (ਜਿਵੇਂ ਮੁਖੜਾ) ਉਹ ਚੀਜ਼ ਜਿਸ ਦੀ ਉਪਮਾ ਕੀਤੀ ਜਾਵੇ ਜਾਂ ਜਿਸ ਦੀ ਖ਼ਾਤਰ ਕਿਸੇ ਹੋਰ ਵਸਤੂ ਨਾਲ਼ ਤੁਲਨਾ ਕੀਤੀ ਜਾਵੇ।
2. ਉਪਮਾਨ (ਜਿਵੇਂ ਚੰਦ) ਉਹ ਵਸਤੂ ਜਿਸ ਨਾਲ਼ ਉਪਮਾ ਦਿਖਾਈ ਜਾਵੇ।
3. ਸਾਂਝਾ ਗੁਣ (ਜਿਵੇਂ ਸੋਹਣਾ), ਉਹ ਗੁਣ ਜੋ ਦੋਂਹਾਂ ਵਿੱਚ ਇੱਕੋ ਜਿਹਾ ਸਾਂਝਾ ਹੋਵੇ।
4. ਵਾਚਕ ਸ਼ਬਦ (ਜਿਵੇਂ ਵਰਗਾ, ਵਾਂਗੂ, ਤਰ੍ਹਾਂ, ਜਿਉਂ) ਉਹ ਸ਼ਬਦ ਜੋ ਇਸ ਉਪਮਾ ਜਾਂ ਤੁਲਨਾ ਨੂੰ ਪ੍ਰਗਟ ਕਰੇ।

ਪਰਿਭਾਸ਼ਾ

" ਜਿੱਥੇ ਉਪਮਾਉਣਯੋਗ ਵਸਤੂ (ਉਪਮੇਯ) ਦੀ ਕਿਸੇ ਹੋਰ ਮਿਲ਼ਦੀ-ਜੁਲ਼ਦੀ ਵਸਤੂ (ਉਪਮਾਨ) ਨਾਲ਼ ਸਾਂਝੇ ਗੁਣਾਂ ਦੀ ਸਮਾਨਤਾ ਦੱਸੀ ਜਾਵੇ ਉੱਥੇ ਉਪਮਾ ਅਲੰਕਾਰ ਹੁੰਦਾ ਹੈ।"

ਉਦਾਹਰਨ

ਨੀਂ ਅੱਜ ਕੋਈ ਆਇਆ ਸਾਡੇ ਵੇਹੜੇ।
ਤੱਕਣ ਚੰਨ-ਸੂਰਜ ਢੁੱਕ ਢੁੱਕ ਨੇੜੇ।

ਲੱਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂ
ਆਇਆ ਨੀਂ ਖੌਰੇ ਅੰਬਰ ਘੁੰਮ-ਘੁੰਮ ਕਿਹੜੇ।

(ਮੋਹਨ ਸਿੰਘ, ਕੋਈ ਆਇਆ ਸਾਡੇ ਵੇਹੜੇ)

ਏਥੇ "ਲੱਸੇ ਨੀਂ ਉਹਦਾ ਮੱਥਾ ਤਾਰਿਆਂ ਵਾਂਗੂ" ਇਸ ਤੁਕ ਵਿੱਚ ਉਪਮਾ ਅਲੰਕਾਰ ਦੀ ਯੋਜਨਾ ਹੋਈ ਹੈ। ਕਵੀ ਕਿਸੇ ਅਣਕਹੇ ਨਾਇਕ ਦੀ ਆਮਦ ਉੱਤੇ ਏਨਾ ਖ਼ੁਸ਼ ਹੁੰਦਾ ਹੈ ਕਿ ਉਹ ਤਿੱਖੇ ਜਜ਼ਬਿਆਂ ਦੇ ਵਹਿਣ ਵਿੱਚ ਵਹਿ ਕੇ ਆਪਦੇ ਨਾਇਕ ਦੀ ਸੁੰਦਰਤਾ ਦਾ ਅਲੰਕਾਰਿਕ ਸ਼ੈਲੀ ਵਿੱਚ ਬਿਆਨ ਕਰਨ ਲੱਗ ਪੈਂਦਾ ਹੈ। ਇਸ ਯਤਨ ਵਿੱਚ ਕਵੀ ਉਸ ਦੇ ਮੱਥੇ ਨੂੰ ਤਾਰਿਆਂ ਨਾਲ਼ ਉਪਮਾਉਂਦਾ ਹੈ। ਏਥੇ ਉਪਮਾ ਦੇ ਚਾਰ ਤੱਤ ਮਿਲ਼ਦੇ ਹਨ--

1. ਮੱਥਾ ਉਪਮੇਯ ਹੈ ਅਰਥਾਤ ਕਵੀ ਦੁਆਰਾ ਵਰਨਣ-ਗੋਚਰਾ ਵਿਸ਼ਾ ਮੱਥਾ ਹੈ।
2. ਤਾਰੇ ਉਪਮਾਨ ਹੈ ਜਿਨ੍ਹਾਂ ਨਾਲ਼ ਮੱਥੇ ਦੀ ਤੁਲਨਾ ਕੀਤੀ ਜਾ ਰਹੀ ਹੈ।
3. 'ਲੱਸਣਾ' ਦੋਂਹਾਂ ਦਾ ਸਾਂਝਾ ਗੁਣ ਹੈ ਅਤੇ
4. 'ਵਾਂਗੂੰ' ਵਾਚਕ ਸ਼ਬਦ ਹੈ।

ਹੋਰ ਉਦਾਹਰਨ

ਚਾਂਦੀ ਵਰਗਾ ਰੰਗ ਹੈ ਗੋਰਾ,
ਸੋਨੇ ਵਰਗੇ ਵਾਲ਼ ਸੁਨਹਿਰੀ।

(ਸਾਧੂ ਸਿੰਘ ਹਮਦਰਦ)

ਮਾਇਆ ਰੰਗ ਬਿਰੰਗ ਖਿਨੈ ਮਹਿ
ਜਿਉਂ ਬਾਦਰ ਕੀ ਛਾਇਆ।

(ਆਦਿ ਗ੍ਰੰਥ, ਮ, ਪ)

ਚਮਕਿਆ ਸੋਨ-ਪੱਤਰੀਆਂ ਵਾਂਗ,
ਰੰਗ ਸ਼ਰੀਂਹ ਦੀਆਂ ਫਲ਼ੀਆਂ ਦਾ।
ਚੋਗਾ ਭਾਲਣ ਪੰਛੀ ਨਿਕਲ਼ੇ,
ਖੰਭ ਚਮਕਣ ਜਿਉਂ ਜ਼ਰੀਆਂ ਨੇ।

(ਪ੍ਰੋ. ਮੋਹਨ ਸਿੰਘ, 'ਸਵੇਰ')

ਸੀਹਾਂ ਵਾਂਗੂ ਗੱਜਣ, ਸਭ ਸੂਰਮੇ
ਤਣਿ ਤਣਿ ਕੈਬਰ ਛੱਡਣ, ਦੁਰਗਾ ਸਾਮਣੇ।

(ਸ੍ਰੀ ਗੁਰੂ ਗੋਬਿੰਦ ਸਿੰਘ, 'ਚੰਡੀ ਦੀ ਵਾਰ')

ਰੂਪਕ ਅਲੰਕਾਰ

ਵਿਆਖਿਆ -- ਰੂਪਕ ਅਲੰਕਾਰ ਉਪਮਾ ਅਲੰਕਾਰ ਦੇ ਨਾਲ਼ ਮਿਲ਼ਦਾ-ਜੁਲ਼ਦਾ ਹੈ। ਰੂਪਕ ਇੱਕ ਤਰ੍ਹਾਂ ਨਾਲ਼ ਉਪਮਾ ਦਾ ਸੰਖੇਪ ਰੂਪ ਹੈ। ਉਪਮਾ ਅਲੰਕਾਰ ਵਿੱਚ ਆਮ ਤੌਰ 'ਤੇ ਚਾਰ ਤੱਤ ਰਹਿੰਦੇ ਹਨ ਪਰ ਰੂਪਕ ਅਲੰਕਾਰ ਵਿੱਚ ਤਿੰਨ ਤੱਤ ਹਾਜ਼ਰ ਰਹਿੰਦੇ ਹਨ "ਵਾਚਕ ਸ਼ਬਦ" ਵਾਲ਼ਾ ਤੱਤ ਲੋਪ ਰਹਿੰਦਾ ਹੈ। ਰੂਪਕ ਅਲੰਕਾਰ ਵਿੱਚ ਦੋ ਚੀਜ਼ਾਂ ਦੀ ਤੁਲਨਾ ਕਰਕੇ ਦੋਹਾਂ ਵਿੱਚ ਇੱਕ ਸਾਂਝਾ ਗੁਣ ਇਸ ਤਰ੍ਹਾਂ ਦੱਸਿਆ ਜਾਂਦਾ ਹੈ ਕਿ ਉਹਨਾਂ ਦੋਂਹਾਂ ਚੀਜ਼ਾਂ ਵਿੱਚ ਫ਼ਰਕ ਮਿਟ ਜਾਂਦਾ ਹੈ ਅਤੇ ਦੋਂਹਾਂ ਵਿੱਚ ਇਕਮਿਕਤਾ ਤੇ ਇਕਰੂਪਤਾ ਪੈਦਾ ਹੋ ਜਾਂਦੀ ਹੈ।

ਪਰਿਭਾਸ਼ਾ-- " ਜਿੱਥੇ ਉਪਮੇਯ ਤੇ ਉਪਮਾਨ ਵਿੱਚ ਇਕਰੂਪਤਾ ਤੇ ਅਭੇਦਤਾ ਵਰਨਣ ਕੀਤੀ ਜਾਂਦੀ ਹੈ ਉੱਥੇ ਰੂਪਕ ਅਲੰਕਾਰ ਹੁੰਦਾ ਹੈ।"

ਉਪਮੇਯ ਕੀ ਹੈ ਅਤੇ ਉਪਮਾਨ ਕੀ ਹੈ, ਇਸ ਦੀ ਵਿਆਖਿਆ ਅਸੀਂ ਪਿਛਲੇ ਪੰਨੇ 'ਤੇ ਕਰ ਆਏ ਹਾਂ। ਕਵਿਤਾ ਵਿੱਚ ਜਿਸ ਵਸਤੂ ਦਾ ਵਰਨਣ ਕੀਤਾ ਜਾ ਰਿਹਾ ਹੁੰਦਾ ਹੈ ਉਸ ਨੂੰ ਉਪਮੇਯ ਕਿਹਾ ਜਾਂਦਾ ਹੈ ਅਤੇ ਉਪਮੇਯ ਵਸਤੂ ਨਾਲ਼ ਜਿਸ ਹੋਰ ਵਸਤੂ ਨੂੰ ਮੇਚਿਆ ਜਾਂਦਾ ਹੈ ਉਹ ਉਪਮਾਨ ਹੈ। ਇਸ ਤਰ੍ਹਾਂ ਦੋ ਵਸਤੂਆਂ ਨੂੰ ਕਵੀ ਇਸ ਤਰ੍ਹਾਂ ਅਭੇਦ ਤੇ ਇੱਕਰੂਪ ਕਰ ਦਿੰਦਾ ਹੈ ਕਿ ਉਹਨਾਂ ਦੋਂਹਾਂ ਵਿੱਚ ਕੋਈ ਵੱਖਰਤਾ ਨਹੀਂ ਰਹਿੰਦੀ। ਇਹੋ ਰੂਪਕ ਅਲੰਕਾਰ ਹੈ।

ਉਦਾਹਰਨ

ਬਿਰਹੋਂ ਦਾ ਇੱਕ ਖਰਲ ਬਲੌਰੀ,
ਜਿੰਦੜੀ ਦਾ ਅਸਾਂ ਸੁਰਮਾ ਪੀਠਾ।
ਰੋਜ਼ ਰਾਤ ਨੂੰ ਅੰਬਰ ਆ ਕੇ,
ਮੰਗਦਾ ਇੱਕ ਸਲਾਈ ਵੇ।

(ਅੰਮਿਤਾ ਪ੍ਰੀਤਮ)

ਇਸ ਬੰਦ ਵਿੱਚ ਬਿਰਹੋਂ ਤੇ ਖਰਲ ਵਿੱਚ ਅਤੇ ਜਿੰਦੜੀ ਦੇ ਸੁਰਮੇ ਵਿੱਚ ਕੋਈ ਵੱਖਰਤਾ ਨਹੀਂ ਰਹਿਣ ਦਿੱਤੀ ਗਈ ਸਗੋਂ ਇਕਰੂਪਤਾ ਤੇ ਅਭੇਦਤਾ ਸਥਾਪਿਤ

ਕੀਤੀ ਗਈ ਹੈ। ਬਿਰਹੋਂ ਵੀ ਰਗੜਦਾ ਹੈ ਤੇ ਖਰਲ ਵੀ ਰਗੜਨ ਦਾ ਸਾਧਨ ਹੈ। ਦੋਵੇਂ ਇੱਕੋ ਜਿਹਾ ਕੰਮ ਕਰਦੇ ਹਨ। ਇਸੇ ਤਰ੍ਹਾਂ ਜਿੰਦੜੀ ਨੂੰ ਵੀ ਬਿਰਹੋਂ ਨਾਲ਼ ਰਗੜਿਆ ਜਾ ਰਿਹਾ ਹੈ ਅਤੇ ਸੁਰਮੇ ਵਿੱਚ ਇੱਕੋ ਜਿਹੀ ਹਾਲਤ ਦੱਸੀ ਗਈ ਹੈ। ਬਿਰਹੋਂ ਤੇ ਖਰਲ ਵਿੱਚ ਅਤੇ ਜਿੰਦੜੀ ਦੇ ਸੁਰਮੇ ਵਿੱਚ ਕਵੀ ਨੇ ਕੋਈ ਵੱਖਰਤਾ ਨਹੀਂ ਰਹਿਣ ਦਿੱਤੀ। ਦੋਂਹਾਂ ਵਿੱਚ ਇਕਰੂਪਤਾ ਹੈ, ਅਭੇਦਤਾ ਹੈ। ਇਸ ਲਈ ਬਿਰਹੋਂ ਨੂੰ ਖਰਲ ਬਣਾ ਦਿੱਤਾ ਹੈ ਅਤੇ ਇਸ ਤਰ੍ਹਾਂ ਜਿੰਦੜੀ ਨੂੰ ਸੁਰਮਾ ਬਣਾ ਦਿੱਤਾ ਹੈ। ਇਉਂ ਬਿਰਹੋਂ ਨੂੰ ਖਰਲ ਦਾ ਰੂਪ ਦੇਣ ਕਰਕੇ ਇਹ ਰੂਪਕ ਅਲੰਕਾਰ ਦਾ ਉਦਾਹਰਨ ਹੈ।

ਉਦਾਹਰਨ

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।
ਦਿਵਸੁ ਰਾਤਿ ਦੁਇ ਦਾਈ ਦਾਇਆ
ਖੇਲੈ ਸਗਲ ਜਗਤੁ।

(**ਜਪੁਜੀ**)

ਉਖਲੀਆਂ ਨਾਸਾਂ ਜਿੰਨਾਂ, ਮੁਹਿ ਜਾਪਨ ਆਲ਼ੇ॥
ਧਾਏ ਦੇਵੀ ਸਾਹਮਣੇ, ਬੀਰ ਮੁਛਲੀਆਲੇ॥

(**ਚੰਡੀ ਦੀ ਵਾਰ**)

ਚਿੱਟੇ ਚਾਨਣ ਦਾ ਦੁੱਧ ਡੁਲ੍ਹਿਆ,
ਤੇ ਮਟਕੀ ਭੱਜੀ ਹਨੇਰੇ ਦੀ।
ਛੱਡ ਰਾਤਾਂ ਦੀਆਂ ਹਕਾਇਤਾਂ ਨੂੰ,
ਕੋਈ ਗੱਲ ਕਰ ਨਵੇਂ ਸਵੇਰੇ ਦੀ।

(**ਮੋਹਨ ਸਿੰਘ**)

ਦ੍ਰਿਸ਼ਟਾਂਤ ਅਲੰਕਾਰ

ਵਿਆਖਿਆ

ਦ੍ਰਿਸ਼ਟਾਂਤ ਇੱਕ ਅਰਥ-ਅਲੰਕਾਰ ਹੈ। ਦ੍ਰਿਸ਼ਟਾਂਤ ਦਾ ਅਰਥ ਉਦਾਹਰਨ, ਮਿਸਾਲ, ਨਮੂਨਾ, ਆਦਿ ਹਨ। ਕਵੀ ਆਪਣੀ ਕਵਿਤਾ ਵਿੱਚ ਜਿਸ ਕਿਸੇ ਵਿਸ਼ੇ ਦਾ ਵਰਨਣ ਕਰ ਰਿਹਾ ਹੁੰਦਾ ਹੈ ਉਸ ਨੂੰ ਸਮਝਾਉਣ ਲਈ ਉਹ ਆਮ ਜੀਵਨ ਤੇ ਪ੍ਰਕ੍ਰਿਤੀ ਵਿੱਚੋਂ ਕੋਈ ਅਜਿਹੀ ਮਿਸਾਲ ਜਾਂ ਉਦਾਹਰਨ ਚੁਣ ਕੇ ਉਸ ਦੇ ਬਰਾਬਰ ਰੱਖ ਦੇਂਦਾ ਹੈ ਜਿਸ ਵਿੱਚ ਵਰਨਣ ਕੀਤੇ ਜਾ ਰਹੇ ਵਿਸ਼ੇ ਵਿੱਚ ਸਾਂਝੇ ਗੁਣ ਜਾਂ ਹੋਰ ਸਮਾਨਤਾਵਾਂ ਪ੍ਰਾਪਤ ਹੁੰਦੀਆਂ ਹਨ। ਆਪਣੀ ਵਿਸ਼ੇ-ਵਸਤੂ ਦੀ ਸਪਸ਼ਟਤਾ ਜਾਂ ਪੁਸ਼ਟੀ ਲਈ ਉਸ ਜਿਹੀ ਕੋਈ ਹੋਰ ਲੋਕ-ਪ੍ਰਿਆ ਮਿਸਾਲ ਪੇਸ਼ ਕਰਨਾ ਦ੍ਰਿਸ਼ਟਾਂਤ ਅਲੰਕਾਰ ਦੀ ਯੋਜਨਾ ਲਈ ਜ਼ਰੂਰੀ ਹੈ। ਦ੍ਰਿਸ਼ਟਾਂਤ ਅਲੰਕਾਰ ਅੰਦਰ ਪਹਿਲਾਂ ਇੱਕ ਗੱਲ ਕਹਿ ਕੇ ਫਿਰ ਦੂਜੀ ਗੱਲ ਉਸ ਦੇ ਉਦਾਹਰਨ ਦੇ ਰੂਪ ਵਿੱਚ ਆਖੀ ਜਾਂਦੀ ਹੈ। ਦੋਂਹਾਂ ਦਾ ਮੰਤਵ ਇੱਕੋ ਨਿਕਲ਼ਦਾ ਹੈ। ਵਿਦਵਾਨਾਂ ਨੇ ਇਸ ਗੱਲ ਵਾਸਤੇ ਦੋ ਸ਼ਬਦ ਕੱਢੇ ਹਨ ਬਿੰਬ-ਤੇ ਪ੍ਰਤਿਬਿੰਬ। ਵਿਸ਼ੇ-ਵਸਤੂ ਬਿੰਬ ਹੈ ਅਤੇ ਬਾਹਰੋਂ ਪੇਸ਼ ਕੀਤਾ ਉਦਾਹਰਨ ਪ੍ਰਤਿਬਿੰਬ ਹੈ। ਕਵਿਤਾ ਦੀ ਇੱਕ ਤੁਕ ਵਿੱਚ ਬਿੰਬ ਮੌਜੂਦ ਰਹਿੰਦਾ ਹੈ। ਉਦਾਹਰਨ ਪ੍ਰਤਿਬਿੰਬ ਹੈ। ਕਵਿਤਾ ਦੀ ਇੱਕ ਤੁਕ ਵਿੱਚ ਬਿੰਬ ਮੌਜੂਦ ਰਹਿੰਦਾ ਹੈ ਅਤੇ ਅਗਲੀ ਤੁਕ ਵਿੱਚ ਪ੍ਰਤਿਬਿੰਬ ਹੁੰਦਾ ਹੈ। ਪ੍ਰਤਿਬਿੰਬ ਦਾ ਅਰਥ ਪਰਛਾਂਵਾਂ ਹੈ। ਦੋਂਹਾਂ ਵਸਤੂਆਂ ਵਿੱਚ ਸਾਂਝੇ ਗੁਣ ਜਾਂ ਭਾਵ ਝਲਕਣੇ ਚਾਹੀਦੇ ਹਨ। ਦ੍ਰਿਸ਼ਟਾਂਤ ਅਲੰਕਾਰ ਦਾ ਆਧਾਰ ਵੀ ਕੋਈ ਸਾਂਝ, ਸਮਾਨਤਾ ਜਾਂ ਬਰਾਬਰੀ ਦਾ ਭਾਵ ਹੁੰਦਾ ਹੈ।

ਪਰਿਭਾਸ਼ਾ

" ਕਿਸੇ ਪ੍ਰਸੰਗ ਜਾਂ ਵਸਤੂ ਦਾ ਪੂਰਾ ਗਿਆਨ ਕਰਾਉਣ ਲਈ ਕਿਸੇ ਸਮਾਨ ਗੁਣ ਵਾਲ਼ੀ ਵਸਤੂ ਦਾ ਉਦਾਹਰਨ ਦੇਣਾ ਦ੍ਰਿਸ਼ਟਾਂਤ ਅਲੰਕਾਰ ਹੈ। "

ਜਾਂ

" ਜਿੱਥੇ ਉਪਮੇਯ ਵਾਕ ਅਤੇ ਉਪਮਾਨ ਵਾਕ ਆਪੋ ਵਿੱਚ ਬਿੰਬ ਪ੍ਰਤਿਬਿੰਬ ਭਾਵ ਨਾਲ਼ ਸੰਬੰਧਿਤ ਹੋਣ, ਉੱਥੇ ਦ੍ਰਿਸ਼ਟਾਂਤ ਅਲੰਕਾਰ ਹੁੰਦਾ ਹੈ। "

ਉਦਾਹਰਨ

ਕਬੀਰ ਮਾਨੁਖ ਜਨਮ ਦੁਲੰਭ ਹੈ

ਹੋਤ ਨਾ ਬਾਰੰਬਾਰ।

ਜਿਉ ਬਨ ਫਲ ਪਾਕੇ ਭੁਇੰ ਗਿਰਹਿ

ਬਹੁਰਿ ਨ ਲਾਗਹਿ ਡਾਰਿ। (**ਕਬੀਰ**)

ਕਬੀਰ-ਬਾਣੀ ਦੇ ਇਸ ਸਲੋਕ ਵਿੱਚ ਪ੍ਰਸੰਗ ਇਹ ਹੈ ਕਿ "ਮਨੁੱਖਾ ਜਨਮ ਦੁਰਲੱਭ ਹੈ, ਬੜਾ ਔਖਾ ਮਿਲ਼ਦਾ ਹੈ, ਇਹ ਜਨਮ ਵਾਰ-ਵਾਰ ਨਹੀਂ ਲੱਭਦਾ। ਇਸ ਪ੍ਰਸੰਗ ਵਾਲ਼ੇ ਵਿਸ਼ੇ ਵਸਤੂ ਨੂੰ ਸਪਸ਼ਟ ਕਰਨ ਲਈ ਕਬੀਰ ਜੀ ਇੱਕ ਦੁਨਿਆਵੀ ਮਿਸਾਲ ਪੇਸ਼ ਕਰਦੇ ਹਨ ਕਿ " ਜਿਵੇਂ ਜੰਗਲੀ ਰੁੱਖਾਂ 'ਤੇ ਲੱਗੇ ਹੋਏ ਫਲ਼ ਪੱਕ ਕੇ ਭੁੰਜੇ ਡਿੱਗ ਪੈਂਦੇ ਹਨ ਅਤੇ ਕਿਸੇ ਵੀ ਸੂਰਤ ਵਿੱਚ ਫਿਰ ਮੁੜ ਕੇ ਰੁੱਖ ਨਾਲ਼ ਨਹੀਂ ਲੱਗਦੇ।" ਜੰਗਲੀ ਫਲ਼ਾਂ ਦੇ ਦ੍ਰਿਸ਼ਟਾਂਤ ਨਾਲ਼ ਕਬੀਰ ਜੀ ਨੇ ਮਨੁੱਖੀ ਜਨਮ ਦੀ ਦੁਰਲੱਭਤਾ ਦਾ ਜ਼ਿਕਰ ਕੀਤਾ ਹੈ। ਸੋ ਮਨੁੱਖੀ ਜਨਮ "ਬਿੰਬ" ਹੈ ਜਿਸ ਦਾ ਪ੍ਰਤਿਬਿੰਬ (ਪਰਛਾਂਵਾਂ) ਜੰਗਲ਼ੀ ਫਲ਼ ਹੈ। ਇੱਕ ਬਿੰਬ ਹੈ ਦੂਜਾ ਪ੍ਰਤਿਬਿੰਬ ਹੈ, ਇਹਨਾਂ ਦੋਂਹਾਂ ਵਿੱਚ ਸੁਭਾਵਿਕ ਗੁਣਾਂ ਦੀ ਸਾਂਝ ਹੋਣ ਕਰਕੇ ਏਥੇ ਬਿੰਬ-ਪ੍ਰਤਿਬਿੰਬ ਭਾਵ ਦੀ ਹੋਂਦ ਹੈ। ਇਸ ਲਈ ਇਹ ਦ੍ਰਿਸ਼ਟਾਂਤ ਅਲੰਕਾਰ ਦਾ ਉਦਾਹਰਨ ਹੈ।

ਹੋਰ ਉਦਾਹਰਨ

ਕੰਮ ਕਰਦਿਆਂ ਕਰਦਿਆਂ ਭੁੱਸ ਪੈਂਦਾ

ਮੂਰਖ ਆਦਮੀ ਹੁੰਦੇ ਸੁਜਾਨ ਵੇਖੇ।

ਘੱਸ ਘੱਸ ਕੇ ਸੈਲ ਦੀ ਹਿੱਕੜੀ 'ਤੇ

ਰੱਸੀ ਨਾਲ਼ ਵੀ ਹੁੰਦੇ ਨਿਸ਼ਾਨ ਵੇਖੇ।

(**ਪ. ਪ**)

ਸਤਿਗੁਰ ਨਾਨਕ ਪ੍ਰਗਟਿਆ ਮਿੱਟੀ ਧੁੰਦ ਜਗ ਚਾਨਣ ਹੋਆ।

ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।

(**ਭਾਈ ਗੁਰਦਾਸ**)

ਮੂਤ ਪਲੀਤੀ ਕਪੜੁ ਹੋਇ।

ਦੇਹ ਸਾਬੂਣ ਲਈਐ ਉਹ ਧੋਇ।

ਭਰੀਐ ਮਤਿ ਪਾਪਾ ਕੇ ਸੰਗਿ।

ਉਹ ਧੋਪੈ ਨਾਵੈ ਕੈ ਰੰਗਿ। (**ਜਪੁਜੀ**)

ਰੇਮਨ, ਐਸੀ ਹਰਿ ਸਿਉ ਪ੍ਰੀਤਿ ਕਰ

ਜੈਸੀ ਮਛੁਲੀ ਨੀਰ।

ਬਿਨੁ ਜਲ ਘੜੀ ਨਾ ਜੀਵਈ,

ਪ੍ਰਭੁ ਜਾਣੈ ਅਭਿਪੀਰ।

(ਸ੍ਰੀ ਅਸਟਪਦੀਆਂ ਮ੧)

ਅਤਿਕਥਨੀ ਅਲੰਕਾਰ

ਵਿਆਖਿਆ

ਅਤਿਕਥਨੀ ਇੱਕ ਅਰਥ-ਅਲੰਕਾਰ ਹੈ। ਇਸ ਸ਼ਬਦ ਦੇ 'ਅਤਿ' ਅਤੇ 'ਕਥਨੀ' ਦੋ ਹਿੱਸੇ ਹਨ। ਇਹਨਾਂ ਦਾ ਅਰਥ ਸਪਸ਼ਟ ਹੈ ਅਰਥਾਤ ਅਤਿਅੰਤ ਵਧਾ ਚੜ੍ਹਾਅ ਕੇ ਕਥਨ ਕਰਨਾ, ਗੱਲ ਨੂੰ Exggerate ਕਰਕੇ ਬੇਹਿਸਾਬਾ ਵਧਾਉਣਾ ਜਾਂ ਕੋਲ਼ੋਂ ਮਸਾਲਾ ਲਾ ਕੇ ਬਿਆਨ ਕਰਨਾ। ਕਵੀ ਆਪਣੀ ਕਾਵਿ ਕਿਰਤ ਦੇ ਕਿਸੇ ਪਾਤਰ, ਘਟਨਾ ਜਾਂ ਗੱਲ ਦੀ ਬਹੁਤ ਉਪਮਾ ਕਰਨਾ ਲੋਚਦਾ ਹੈ ਜਾਂ ਇਸ ਤੋਂ ਉਲਟ ਨਿੰਦਿਆ ਕਰਨਾ ਚਾਹੁੰਦਾ ਹੈ ਤਾਂ ਉਹ ਨਿੱਕੀ ਜਿਹੀ ਗੱਲ ਨੂੰ ਵਧਾ-ਚੜ੍ਹਾਅ ਕੇ ਬਿਆਨ ਕਰਨ ਲੱਗ ਪੈਂਦਾ ਹੈ ਤਾਂ ਜੋ ਪਾਠਕ ਤੇ ਸ੍ਰੋਤੇ ਉਸ ਵਿਸ਼ੇ-ਵਸਤੂ ਦਾ ਵਡੱਪਣ ਚੰਗੀ ਤਰ੍ਹਾਂ ਸਮਝ ਸਕਣ। ਅਤਿਕਥਨੀ ਨੂੰ ਅਤਿਉਕਤੀ ਵੀ ਕਿਹਾ ਜਾਂਦਾ ਹੈ।

ਏਥੇ ਇਹ ਗੱਲ ਵਰਨਣ ਯੋਗ ਹੈ ਕਿ ਅਤਿਕਥਨੀ ਅਲੰਕਾਰ ਦੀ ਸਿਰਜਨਾ ਕਰਨ ਦਾ ਉਦੇਸ਼ ਇੱਕ ਚਮਤਕਾਰ ਪੈਦਾ ਕਰਨਾ ਹੈ। ਚਮਤਕਾਰ ਹੀ ਕਵਿਤਾ ਵਿੱਚ ਸੁਹਜ-ਸੁਆਦ ਦਾ ਸੰਚਾਰ ਕਰਦਾ ਹੈ। ਚਮਤਕਾਰ ਤੋਂ ਬਿਨਾਂ ਕਵਿਤਾ ਫਿੱਕੀ-ਫਿੱਕੀ ਮਾਲੂਮ ਹੁੰਦੀ ਹੈ। ਰਸੀਲੀ ਤੇ ਸੁਆਦਲੀ ਕਵਿਤਾ ਵਿੱਚ ਕਿਸੇ ਨਾ ਕਿਸੇ ਚਮਤਕਾਰ ਦੀ ਹੋਂਦ ਜ਼ਰੂਰੀ ਹੈ। ਇਸ ਤਰ੍ਹਾਂ ਅਤਿਕਥਨੀ ਦੇ ਮੂਲ ਵਿੱਚ ਚਮਤਕਾਰ ਹੁੰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਇੱਕ ਪੰਜਾਬੀ ਦਾ ਉਦਾਹਰਨ ਦਿੱਤਾ ਹੈ। " ਤਹਾਂ ਸਤਰੁ ਕੇ ਭੀਮ ਹਸਤੀ ਚਲਾਏ। ਫਿਰੈਂ ਮੱਧ ਗੈਣੂੰ ਅਜੌਂ ਲੌਂ ਨ ਆਏ।" ਪਾਂਡਵ ਭੀਮਸੇਨ ਨੇ ਵੈਰੀਆਂ ਦੇ ਹਾਥੀਆਂ ਨੂੰ ਅਸਮਾਨਾਂ ਵਿੱਚ-ਚਲਾ ਕੇ ਮਾਰਿਆ ਕਿ ਉਹ ਹੁਣ ਤੱਕ ਗਗਨਾਂ ਵਿੱਚ ਘੁੰਮ ਰਹੇ ਹਨ। ਇਹ ਨਿਰੀ ਪੁਰੀ ਅਤਿ-ਕਥਨੀ ਹੈ, ਅਸਲੀਅਤ ਨਹੀਂ ਹੈ ਪਰ ਕਵੀ ਦੀ ਕਲਪਨਾ ਜ਼ਰੂਰ ਹੈ।

ਪਰਿਭਾਸ਼ਾ

" ਬਹੁਤ ਵਧਾ-ਚੜ੍ਹਾ ਕੇ ਵਰਨਣ ਕਰਨ ਦੀ ਕਾਵਿ-ਰੀਤ ਨੂੰ ਅਤਿਕਥਨੀ ਅਲੰਕਾਰ ਕਿਹਾ ਜਾਂਦਾ ਹੈ।"

ਉਦਾਹਰਨ

ਜੇ ਤੂੰ ਗਲ਼ ਵਿੱਚ ਫੁੱਲਾਂ ਦਾ ਹਾਰ ਪਾਇਆ,
ਤੇਰੇ ਲੱਕ ਨੂੰ ਪਏ ਕੜਵੱਲ, ਮੋਈਏ।
ਜੇ ਤੂੰ ਹੱਥਾਂ ਤੇ ਪੈਰਾਂ ਨੂੰ ਲਾਈ ਮਹਿੰਦੀ,
ਭਾਰ ਨਾਲ਼ ਤੂੰ ਸੱਕੀ ਨਾ ਹਲ ਮੋਈਏ। (ਮੋਹਨ ਸਿੰਘ)

ਮੋਹਨ ਸਿੰਘ ਦੇ "ਸਾਵੇ-ਪੱਤਰ" ਕਾਵਿ ਸੰਗ੍ਰਹਿ ਵਿੱਚ 'ਅਨਾਰਕਲੀ' ਨਾਂ ਦੀ ਕਵਿਤਾ ਵਿੱਚੋਂ ਇਹ ਬੰਦ ਲਿਆ ਗਿਆ ਹੈ। ਕਵੀ ਲਾਹੌਰ ਵਿੱਚ ਸਲੀਮ ਦੀ ਪ੍ਰੇਮਿਕਾ 'ਅਨਾਰਕਲੀ' ਦੀ ਕਬਰ ਵੇਖ ਕੇ ਖ਼ਿਆਲ-ਉਡਾਰੀਆਂ ਵਿੱਚ ਗੁੰਮ ਹੋ ਜਾਂਦਾ ਹੈ ਅਤੇ ਉਸ ਦੇ ਹੁਸਨ ਨੂੰ ਬਿਆਨ ਕਰਦਾ ਹੋਇਆ ਕਹਿੰਦਾ ਹੈ-

" ਹੇ ਅਨਾਰਕਲੀ, ਤੂੰ ਏਨੀ ਨਰਮ ਤੇ ਕੋਮਲ ਸੀ ਕਿ ਤੇਰੇ ਗਲ਼ ਵਿੱਚ ਪਾਏ ਫੁੱਲਾਂ ਦੇ ਹਾਰ ਦੇ ਭਾਰ ਨਾਲ਼ ਤੇਰੇ ਲੱਕ ਨੂੰ ਕੜਵੱਲ ਪੈ ਜਾਂਦੇ ਸਨ ਅਤੇ ਹੱਥਾਂ-ਪੈਰਾਂ 'ਤੇ ਲਾਈ ਮਹਿੰਦੀ ਦਾ ਭਾਰ ਵੀ ਤੂੰ ਨਹੀਂ ਸਹਾਰ ਸਕਦੀ ਸੀ।

ਫੁੱਲਾਂ ਦੇ ਭਾਰ ਨਾਲ਼ ਲੱਕ ਨੂੰ ਕੜਵੱਲ ਪੈਣੇ ਅਤੇ ਮਹਿੰਦੀ ਦੇ ਭਾਰ ਨੂੰ ਨਾ ਸਹਾਰਨਾ, ਇਹ ਵਰਨਣ ਵਧਾ-ਚੜ੍ਹਾਅ ਕੇ ਕੀਤਾ ਗਿਆ ਹੈ, ਜੋ ਕਿ ਅਸੰਭਵ ਦੇ ਬੇਦਲੀਲ ਜਾਪਦਾ ਹੈ। ਇਹ ਅਤਿਕਥਨੀ ਅਲੰਕਾਰ ਹੈ। ਕਵੀ ਦਾ ਮੰਤਵ ਅਨਾਰਕਲੀ ਦਾ ਹੁਸਨ, ਉਸ ਦੀ ਕਮਰ ਦੀ ਲਚਕ, ਉਸ ਦੀ ਕੋਮਲਤਾ ਦਾ ਬਿਆਨ ਕਰਨਾ ਹੈ ਪਰ ਉਹ ਲੋਕ-ਮਰਯਾਦਾ ਨੂੰ ਟੱਪ ਕੇ ਅਸੰਭਵ ਕਲਪਨਾ ਕਰਦਾ ਹੋਇਆ 'ਚਮਤਕਾਰ'ਪੈਦਾ ਕਰਨ ਵੱਲ ਰੁਚਿਤ ਹੈ, ਚਮਤਕਾਰ ਪੈਦਾ ਕਰਨਾ ਹੀ ਅਤਿਕਥਨੀ ਅਲੰਕਾਰ ਦਾ ਹੈ।

ਹੋਰ ਉਦਾਹਰਨ

ਹੁਸਨ ਓਸ ਦਾ ਮੈਂ ਕੀ ਆਖਾਂ,

ਤੱਕਣ ਨਾਲ਼ ਪੈਂਦੀਆਂ ਲਾਸਾਂ।

ਧੌਣ ਗੋਰੀ ਦੀ ਐਸੀ ਫੱਬੇ,

ਆਉਂਦਾ ਜਾਂਦਾ ਸਾਹ ਪਿਆ ਲੱਭੇ। (ਮੋਹਨ ਸਿੰਘ,'ਗੁਲੇਲੀ')

ਜਾਂ

ਦਸ ਮਹੀਆਂ ਦਾ ਘਿਓ ਦਿੱਤਾ, ਬੱਕੀ ਦੇ ਢਿੱਡ ਪਾ।
ਬੱਕੀ ਤੋਂ ਡਰਨ ਫਰਿਸ਼ਤੇ, ਮੈਥੋਂ ਡਰੇ ਖ਼ੁਦਾ।
ਚੁੱਭੀ ਵਿੱਚ ਪਾਤਾਲ ਲਾ, ਉੱਡ ਕੇ ਚੜ੍ਹੇ ਆਕਾਸ਼।
ਚੜਨਾ ਆਪਣੀ ਸ਼ੌਕ ਨੂੰ ਬੱਕੀ ਨੂੰ ਲਾਜ ਨਾ ਲਾ।

(ਪੀਲੂ, ਮਿਰਜਾਂ ਸਾਹਿਬਾਂ)

ਜਾਂ

ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ।
ਚੰਡੀ ਰਾਕਸ਼ ਖਾਣੀ ਵਾਹੀ ਦੈਂਤ ਨੋ।
ਕੋਪਰ ਚੂਰ ਚਵਾਣੀ ਲੱਥੀ ਕਰੰਗ ਲੈ।
ਪਾਖਰ ਤੁਰਾ ਪਲਾਣੀ ਰੜਕੀ ਧਰਤ ਜਾਇ।
ਲੈਂਦੀ ਅਘਾ ਸਿਧਾਣੀ ਸਿੰਙਾਂ ਧਉਲ ਦਿਆਂ।
ਕੂਰਮ ਸਿਰ ਲਹਿਲਾਣੀ ਦੁਸ਼ਮਣ ਮਾਰਿ ਕੇ।

(ਚੰਡੀ ਦੀ ਵਾਰ)

ਔਖੇ ਸ਼ਬਦਾਂ ਦੇ ਅਰਥ :

ਹਕਾਇਤਾਂ– ਕਹਾਣੀਆਂ। **ਨੈਂ**– ਨਦੀ। **ਬਾਦਰ**– ਬੱਦਲ਼। **ਮਾਨੁਖ**– ਮਨੁੱਖਾ। **ਦਲੰਭ**– ਕੀਮਤੀ। **ਹਸਤੀ**– ਹਾਥੀ। **ਗੈਣੂੰ**– ਆਕਾਸ਼। **ਅਜੌਂ ਲੌਨ**– ਅਜੇ ਤੱਕ। **ਕੈਬਰ**– ਤੀਰ। **ਬੱਕੀ**– ਮਿਰਜੇ ਦੀ ਘੋੜੀ ਦਾ ਨਾਂ।

ਅਭਿਆਸ

(ੳ) ਖ਼ਾਲੀ ਸਥਾਨ ਭਰੋ -

1. ਅਲੰਕਾਰ ਕਵਿਤਾ ਦੇ ________ਹਨ।
2. ________ ਅਲੰਕਾਰ ਵਿੱਚ ਕਿਸੇ ਗੱਲ ਦਾ ਵਧਾ ਚੜ੍ਹਾਅ ਕੇ ਵਰਨਣ ਕੀਤਾ ਹੁੰਦਾ ਹੈ।
3. ਰੂਪਕ ਅਲੰਕਾਰ ਵਿੱਚ ਵਾਚਕ ਸ਼ਬਦ ਵਾਲ਼ਾ ਤੱਤ .________ਰਹਿੰਦਾ ਹੈ।
4. ਅਲੰਕਾਰ ਕਾਵਿ ਨੂੰ .________ ਅਤੇ ਪ੍ਰਭਾਵਸ਼ਾਲੀ ਬਣਾਉਂਦੇ ਹਨ।
5. ਅਚਾਰੀਆ ਭਰਤਮੁਨੀ ਦੇ ਮਸ਼ਹੂਰ ਗ੍ਰੰਥ ਦਾ ਨਾਂ ________ਹੈ।

(ਅ) ਇੱਕ-ਦੋ ਸ਼ਬਦਾਂ ਦੇ ਉੱਤਰ ਦਿਓ-

1. ਉਪਮਾ ਅਲੰਕਾਰ ਵਿੱਚ ਕਿਨੇ ਤੱਤ ਇੱਕਠੇ ਹੋਣੇ ਜ਼ਰੂਰੀ ਹਨ?
2. ਕੋਈ ਦੋ ਵਾਚਕ ਸ਼ਬਦ ਲਿਖੋ।
3. ਜਿੱਥੇ ਉਪਮੇਯ ਤੇ ਉਪਮਾਨ ਵਿੱਚ ਇੱਕਰੂਪਤਾ ਵਰਨਣ ਕੀਤੀ ਹੋਵੇ ਉੱਥੇ ਕਿਹੜਾ ਅਲੰਕਾਰ ਹੁੰਦਾ ਹੈ?
4. ਦ੍ਰਿਸ਼ਟਾਂਤ ਅਲੰਕਾਰ ਵਿੱਚ ਉਪਮੇਯ ਵਾਕ ਅਤੇ ਉਪਮਾਨ ਵਾਕ ਦਾ ਸੰਬੰਧ ਕਿਹੋ ਜਿਹਾ ਹੁੰਦਾ ਹੈ?
5. ਕਿਸੇ ਦੋ ਅਲੰਕਾਰਾਂ ਦੇ ਨਾਂ ਲਿਖੋ।

(ੲ) ਵਿਸਤਾਰ ਸਹਿਤ ਉੱਤਰ ਦਿਓ-

1. 'ਅਲੰਕਾਰ ਕਵਿਤਾ ਦਾ ਗਹਿਣਾ ਹੈ', ਇਸ ਕਥਨ ਦੀ ਪੁਸ਼ਟੀ ਕਰਦੇ ਹੋਏ ਅਲੰਕਾਰ ਦੀ ਪਰਿਭਾਸ਼ਾ ਲਿਖੋ।
2. ਰੂਪਕ ਅਲੰਕਾਰ ਦਾ ਉਦਾਹਰਨ ਦੇ ਕੇ ਉਸ ਦੇ ਲੱਛਣ ਸਪਸ਼ਟ ਕਰਕੇ ਲਿਖੋ।

3. ਹੇਠਾਂ ਇੱਕ ਕਵਿਤਾ ਦਿੱਤੀ ਗਈ ਹੈ। ਇਸ ਵਿੱਚ ਉਪਮਾ-ਅਲੰਕਾਰ ਹੈ। ਖੋਲ ਕੇ ਸਮਝਾਓ ਕਿ ਇਹ ਉਪਮਾ-ਅਲੰਕਾਰ ਕਿਵੇਂ ਹੈ :-

ਅੱਜ ਕੋਈ ਆਇਆ ਸਾਡੇ ਵੇਹੜੇ
ਤੱਕਣ ਚੰਨ ਸੂਰਜ ਢੁੱਕ ਢੁੱਕ ਨੇੜੇ
ਲੱਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂੰ
ਆਇਆ ਨੀ ਖੌਰੇ ਅੰਬਰ ਘੁੰਮ-ਘੁੰਮ ਕਿਹੜੇ।

4. ਹੇਠ ਲਿਖੇ ਅਲੰਕਾਰਾਂ ਬਾਰੇ ਉਦਾਹਰਨਾਂ ਸਹਿਤ ਨੋਟ ਲਿਖੋ :

ਉਪਮਾ-ਅਲੰਕਾਰ, ਰੂਪਕ-ਅਲੰਕਾਰ, ਅਨੁਪ੍ਰਾਸ ਅਲੰਕਾਰ ਦ੍ਰਿਸ਼ਟਾਂਤ-ਅਲੰਕਾਰ ਅਤੇ ਅਤਿਕਥਨੀ ਅਲੰਕਾਰ।

ਪਾਠ-ਪੁਸਤਕ ਪੰਜਾਬੀ-ਕਾਵਿ ਝਲਕਾਂ ਤੇ ਇਤਿਹਾਸ ਨੂੰ ਪੜ੍ਹਦੇ ਸਮੇਂ ਉਸ ਵਿੱਚ ਦਰਜ ਕਵਿਤਾਵਾਂ ਵਿੱਚੋਂ ਵੱਖ-ਵੱਖ ਅਲੰਕਾਰ ਪਛਾਨਣ ਦਾ ਯਤਨ ਕਰੋ।

ਅਧਿਆਇ-ਚੌਥਾ

ਕਾਵਿ-ਰਸ

'ਕਾਵਿ-ਰਸ' ਬਾਰੇ ਸਿਧਾਂਤਿਕ ਪੱਖੋਂ ਜਾਣਕਾਰੀ ਨਾ ਹੋਣ ਦੇ ਬਾਵਜੂਦ ਵੀ ਅਸੀਂ ਸਾਰੇ ਇਸ 'ਰਸ' ਨੂੰ ਮਾਣਦੇ ਹਾਂ। ਟੈਲੀਵੀਜ਼ਨ ਦੀ ਸਕਰੀਨ ਉੱਤੇ ਕ੍ਰਿਕਟ ਮੈਚ ਵੇਖਦੇ ਹੋਏ, 'ਚੌਕੇ' 'ਛਿੱਕੇ' ਲੱਗਦੇ ਵੇਖ ਅਸੀਂ ਰੋਮਾਂਚਿਤ ਹੁੰਦੇ ਹਾਂ ਜਾਂ ਉਛਲ਼ਦੇ ਹਾਂ, ਕੁਝ ਬੋਲਦੇ ਹਾਂ ਜਾਂ ਸਰੀਰਿਕ ਅਦਾਵਾਂ ਰਾਹੀਂ ਸੰਕੇਤ ਕਰਦੇ ਹਾਂ ਜਾਂ ਆਪਣੇ ਮਨ-ਪਸੰਦ ਖਿਡਾਰੀ ਦੇ ਆਊਟ ਹੋ ਜਾਣ 'ਤੇ ਉਦਾਸ ਹੋ ਜਾਂਦੇ ਹਾਂ, ਅਜਿਹਾ ਕਿਉਂ ਹੁੰਦਾ ਹੈ? ਇਹ ਸਾਡੇ ਅੰਦਰ ਪੈਦਾ ਹੋਏ 'ਰਸ' ਕਾਰਨ ਵਾਪਰਦਾ ਹੈ। ਇਉਂ ਹੀ ਕਿਸੇ 'ਕਾਮੇਡੀ' ਲੜੀਵਾਰ ਨੂੰ ਵੇਖ ਕੇ ਅਸੀਂ ਹੱਸ-ਹੱਸ ਕੇ ਲੋਟ-ਪੋਟ ਹੁੰਦੇ ਹਾਂ। ਕਿਸੇ ਨਾਟਕ ਜਾਂ ਫ਼ਿਲਮ ਵੇਖਣ ਵੇਲ਼ੇ ਅਸੀਂ ਪਾਤਰਾਂ ਦੀ ਖ਼ੁਸ਼ੀ ਵਿੱਚ ਖ਼ੁਸ਼ੀ ਅਤੇ ਉਹਨਾਂ ਦੇ ਦੁੱਖ ਵਿੱਚ ਦੁਖੀ ਮਹਿਸੂਸ ਕਰਦੇ ਹਾਂ। ਨਾਟਕ, ਫ਼ਿਲਮ ਜਾਂ ਮੈਚ ਵੇਖਣ ਵੇਲ਼ੇ ਜਾਂ ਕੋਈ ਸਾਹਿਤਿਕ ਰਚਨਾ ਪੜ੍ਹਨ ਵੇਲ਼ੇ ਅਸੀਂ ਆਪਣਾ ਆਪ ਭੁੱਲ ਕੇ ਇੱਕ ਵੱਖਰੇ ਜਿਹੇ ਸੰਸਾਰ ਵਿੱਚ ਦਾਖ਼ਲ ਹੋ ਜਾਂਦੇ ਹਾਂ। ਅਸਲ ਵਿੱਚ ਨਾਟਕ, ਫ਼ਿਲਮ ਮੈਚ ਜਾਂ ਸਾਹਿਤਿਕ ਰਚਨਾ ਸਾਡੇ ਅੰਦਰ ਦੇ ਸਥਾਈ ਭਾਵਾਂ ਨੂੰ ਜਗਾ ਦਿੰਦੀ ਹੈ ਅਤੇ ਸਾਡੇ ਅੰਦਰ ਵਿਭਿੰਨ ਪ੍ਰਕਾਰ ਦੇ ਰਸ ਪੈਦਾ ਹੁੰਦੇ ਹਨ। ਇਸ ਅਧਿਆਇ ਵਿੱਚ ਅਸੀਂ ਇਹਨਾਂ 'ਰਸਾਂ' ਸੰਬੰਧੀ ਜਾਣਕਾਰੀ ਪ੍ਰਾਪਤ ਕਰਾਂਗੇ।

ਰਸ ਸ਼ਬਦ ਦੀ ਵਰਤੋਂ ਭਾਰਤ ਵਿੱਚ ਬਹੁਤ ਪੁਰਾਣੇ ਸਮੇਂ ਤੋਂ ਮਿਲ਼ਦੀ ਹੈ। ਸੰਸਕ੍ਰਿਤ ਵਿਆਕਰਨ ਅਨੁਸਾਰ ਰਸ ਦੀ ਬਣਤਰ ਤੇ ਅਰਥ-ਪ੍ਰਕਿਰਿਆ ਇਸ ਤਰ੍ਹਾਂ ਹੈ : 'ਰਸਯ ਤੇ ਆਸ੍ਵਦਯ ਤੇ ਇਤਿ ਰਸਹ' ਅਰਥਾਤ ਉਹ ਭਾਵ ਜਾਂ ਪਦਾਰਥ ਜਿਸ ਤੋਂ ਕੋਈ ਸੁਆਦ ਜਾਂ ਮਜ਼ਾ ਪ੍ਰਾਪਤ ਹੋਵੇ। ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼ ਵਿੱਚ ਰਸ ਦੇ ਅਠਾਰਾਂ ਅਰਥ ਦਰਜ ਕੀਤੇ ਹਨ। ਪੁਰਾਤਨ ਗ੍ਰੰਥਾਂ ਵੇਦਾਂ, ਉਪਨਿਸ਼ਦਾਂ ਆਦਿ ਵਿੱਚ ਰਸ ਦੀ ਵਰਤੋਂ ਪਰਮ ਯਥਾਰਥ, ਸਮਾਧੀ ਦਸ਼ਾ ਅਤੇ ਅਲੌਕਿਕ ਆਨੰਦ ਆਦਿ ਅਨੇਕ ਅਰਥਾਂ ਵਿੱਚ ਹੋਈ ਹੈ। ਪਰੰਤੂ ਕਾਵਿ-ਸ਼ਾਸਤ੍ਰ ਦੇ ਸੰਦਰਭ ਵਿੱਚ ਰਸ ਇੱਕ ਅਸਲੋਂ ਨਿਰਾਲੇ ਅਰਥ ਵਿੱਚ ਵਰਤਿਆ ਗਿਆ ਸੰਕੇਤਕ ਸ਼ਬਦ ਹੈ। ਸਾਹਿਤ ਦੇ ਪੜ੍ਹਨ-ਸੁਣਨ ਤੋਂ ਪਾਠਕ-ਸਰੋਤੇ ਜਾਂ ਦਰਸ਼ਕ ਨੂੰ

ਟੁੰਬਣ ਵਾਲ਼ਾ ਜਾਂ ਹਿਲੋਰਾ ਦੇਣ ਵਾਲ਼ਾ ਜੋ ਵੀ ਸੁਹਜ-ਸੁਆਦਲਾ ਅਨੰਦ (Plea-sure) ਮਹਿਸੂਸ ਹੁੰਦਾ ਹੈ ਉਹੋ ਕਾਵਿ-ਸ਼ਾਸਤ੍ਰੀ ਸ਼ਬਦਾਵਲੀ ਵਿੱਚ ਰਸ ਅਖਵਾਉਂਦਾ ਹੈ। ਅਸਲ ਵਿੱਚ ਇਸ ਰਸ ਨੂੰ ਕਾਵਿ-ਰਸ ਕਹਿਣਾ ਦਰੁਸਤ ਹੈ।

ਰਸ ਦੀ ਮਹਾਨਤਾ :

ਰਸ ਦੀ ਮਹਾਨਤਾ ਬਾਰੇ ਭਾਵੇਂ ਅਸੀਂ ਸੁਚੇਤ ਨਾ ਵੀ ਹੋਈਏ ਪਰ ਜ਼ਿੰਦਗੀ ਦੀ ਤੋਰ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਰਸ ਜ਼ਿੰਦਗੀ ਦਾ ਸਾਰ-ਤੱਤ ਹੈ ਅਤੇ ਜ਼ਿੰਦਗੀ ਰਸ ਮਾਣਨ ਲਈ ਬੇਕਰਾਰ ਹੈ। ਰਸ-ਸਿਧਾਂਤ ਦੇ ਅਚਾਰੀਆ ਮੰਮਟ ਨੇ ਲਿਖਿਆ ਹੈ ਕਿ 'ਰਸ' ਜਿਉਂ ਹੀ ਫੁੱਟ ਨਿਕਲ਼ਦਾ ਹੈ, ਸਾਡੇ ਧੁਰ-ਅੰਦਰ ਨੂੰ ਜਾ ਜਾ ਹਿਲੋਰਦਾ ਹੈ, ਦਿਲਾਂ ਨੂੰ ਪਿਘਲ਼ਾ ਕੇ ਅੱਖਾਂ ਨੂੰ ਸੇਜਲ ਕਰਦਾ ਹੈ, ਸਰੀਰ ਨੂੰ ਰੋਮਾਂਚਿਤ ਅਤੇ ਬੋਲਾਂ ਨੂੰ ਗਦ-ਗਦ ਕਰ ਜਾਂਦਾ ਹੈ। ਇਹ ਕਲਾ-ਰਸ ਜਿਉਂ ਹੀ ਸਾਨੂੰ ਆਪਣੀ ਜਕੜ ਵਿੱਚ ਕੱਸ ਲੈਂਦਾ ਹੈ, ਉਦੋਂ ਸਾਡੇ ਰੋਸੇ ਤੇ ਰੁਦਨ, ਗਿਲ਼ੇ ਤੇ ਸ਼ਿਕਵੇ, ਗ਼ਮ ਤੇ ਗੁੱਸੇ ਭੁੱਲ ਜਾਂਦੇ ਹਨ ਅਤੇ ਝਟ-ਬਿੰਦ ਲਈ ਜ਼ਿੰਦਗੀ ਦੀਆਂ ਕੁੜੱਤਣਾਂ ਤੋਂ ਬਚ ਕੇ ਨਿਰੇ ਸੁਆਦ-ਸੁਆਦ ਹੋ ਜਾਂਦੇ ਹਾਂ। ਪ੍ਰੋ. ਮੋਹਨ ਸਿੰਘ ਦਾ ਇੱਕ ਗੀਤ ਹੈ –

ਸੁਆਦ ਸੁਆਦ ਮੈਂ ਲੇਟਿਆ,
ਤਾਰਿਆਂ ਦੀ ਨਿੰਮੀ ਨਿੰਮੀ ਲੋਅ।
ਮੇਰੀਆਂ ਅੱਖਾਂ ਭਰੀਆਂ ਸੁਪਨਿਆਂ,
ਮੇਰੀ ਹਿੱਕ ਭਰੀ ਖ਼ੁਸ਼ਬੋ।

ਇਸ ਤਰ੍ਹਾਂ ਕੋਈ ਸ਼ਿਅਰ ਤੇ ਸ਼ਾਇਰੀ, ਕੋਈ ਕਵਿਤਾ ਤੇ ਕਾਵਿ ਅਤੇ ਜਾਂ ਕੋਈ ਕਲਾ ਤੇ ਕਲਾ-ਕ੍ਰਿਤੀ ਤਾਂ ਹੀ ਸੁਆਦਲੀ ਲੱਗਦੀ ਹੈ ਜੇਕਰ ਉਸ ਵਿੱਚ ਕਾਵਿ-ਰਸ ਦਾ ਸੁਹਜ ਠਾਠਾਂ ਮਾਰਦਾ ਹੋਵੇ। ਇਸ ਲਈ ਸਾਹਿਤ ਦੀ ਕਲਾ-ਰਚਨਾ ਵਿੱਚ ਰਸ ਦੀ ਮਹਾਨਤਾ ਹੈ। ਇਹਨਾਂ ਅਰਥਾਂ ਵਿੱਚ ਰਸ ਸਾਹਿਤ ਦੀ ਆਤਮਾ ਹੈ ਅਤੇ ਰਸ ਹੀ ਸਾਹਿਤ ਦਾ ਕੇਂਦਰੀ ਬਿੰਦੂ ਹੈ।

ਰਸ ਨੂੰ ਮਾਨਣ ਵਾਲ਼ਾ ਵਿਅਕਤੀ ਹੀ ਰਸਿਕ ਜਾਂ ਰਸੀਆ ਹੁੰਦਾ ਹੈ। ਰਸਿਕ ਵਿਅਕਤੀ ਕਾਵਿ-ਰਸ ਨੂੰ ਮਹਿਸੂਸ ਤਾਂ ਚੰਗੀ ਤਰ੍ਹਾਂ ਕਰਦਾ ਹੈ ਪਰ ਉਹ ਸ਼ਬਦਾਂ ਵਿੱਚ ਕਿਸੇ ਵਿਗਿਆਨਿਕ ਢੰਗ ਨਾਲ਼ ਇਸ ਦਾ ਵਰਨਣ ਨਹੀਂ ਕਰ ਸਕਦਾ। ਇਸ ਲਈ ਰਸ ਅਕੱਥ ਹੈ। ਇਸ ਨੂੰ ਅਨੁਭਵ ਕੀਤਾ ਜਾ ਸਕਦਾ ਹੈ ਪਰ

ਸ਼ਬਦਾਂ ਵਿੱਚ ਵਿਆਖਿਆ ਨਹੀਂ ਜਾ ਸਕਦਾ। ਭਗਤੀ ਸਾਹਿਤ ਦੇ ਯੁੱਗ ਵਿੱਚ ਭਗਤ-ਕਵੀ ਕਬੀਰ ਨੇ ਅਕੱਥ ਰਹੱਸਵਾਦੀ ਅਨੁਭਵ ਨੂੰ ਇਉਂ ਪ੍ਰਗਟਾਇਆ ਹੈ :

ਕਹਿ ਕਬੀਰ ਗੂੰਗੇ ਗੁੜ ਖਾਇਆ,
ਪੂਛੇ ਤੇ ਕਿਆ ਕਹੀਐ।

ਇਹਨਾਂ ਪੰਕਤੀਆਂ ਵਿੱਚ ਕਬੀਰ ਨੇ ਬ੍ਰਹਮ-ਸਾਖਿਅਤਕਾਰ ਤੋਂ ਪ੍ਰਾਪਤ ਹੋਏ ਅਨੰਦ ਦੀ ਤੁਲਨਾ ਦ੍ਰਿਸ਼ਟਾਂਤ ਅਲੰਕਾਰ ਦੇ ਮਾਧਿਅਮ ਰਾਹੀਂ ਕੀਤੀ ਹੈ। ਜਿਵੇਂ ਗੂੰਗਾ ਵਿਅਕਤੀ ਗੁੜ ਖਾ ਕੇ ਉਸ ਦੇ ਸੁਆਦ ਦਾ ਅਨੁਭਵ ਤਾਂ ਕਰਦਾ ਹੈ ਪਰ ਵਰਨਣ ਨਹੀਂ ਕਰ ਸਕਦਾ ਤਿਵੇਂ ਬ੍ਰਹਮ ਸਾਖਿਆਤਕਾਰ ਦਾ ਅਨੰਦ ਵੀ ਅਕੱਥ ਹੈ। ਇਸੇ ਤਰ੍ਹਾ ਹੀਂ ਕਾਵਿ-ਰਸ ਦਾ ਅਨੰਦ ਵੀ ਅਕੱਥ ਹੈ।

ਰਸ ਦੀ ਪ੍ਰਕਿਰਿਆ

ਰਸ ਦਾ ਸੰਬੰਧ ਮਨ ਨਾਲ਼ ਹੈ, ਇਉਂ ਰਸ ਇੱਕ ਮਨੋ-ਵਿਗਿਆਨਿਕ ਸਚਾਈ ਹੈ। ਸਾਡੇ ਅੰਤਰ-ਮਨ ਵਿੱਚ ਤਰ੍ਹਾਂ-ਤਰ੍ਹਾਂ ਦੇ ਜਜ਼ਬਾਤ ਨਿਵਾਸ ਕਰਦੇ ਹਨ। ਇਹ ਜਜ਼ਬਾਤ ਹੀ ਭਾਵ ਜਾਂ ਮਨੋਭਾਵ ਹਨ। ਸਾਹਿਤਿਕ ਵਾਤਾਵਰਨ ਕਰ ਕੇ ਜਾਂ ਹੋਰ ਕੋਈ ਉਕਸਾਊ ਕਾਰਨਾਂ ਕਰਕੇ ਇਹ ਜਜ਼ਬੇ ਜਾਂ ਮਨੋਭਾਵ ਹਿਲੂਣੇ ਜਾਂਦੇ ਹਨ ਤਾਂ ਉਹ ਉਤੇਜਿਤ ਹੋ ਕੇ ਸਾਡੇ ਦਿਲਾਂ ’ਤੇ ਛਾ ਜਾਂਦੇ ਹਨ, ਫਿਰ ਤਾਂ ਅਸੀਂ ਬਾਕੀ ਸਾਰਾ ਕੁਝ ਭੁੱਲ ਕੇ ਇਹਨਾਂ ਜਾਗੇ ਹੋਏ ਜਜ਼ਬਿਆਂ ਨਾਲ਼ ਸੁਹਜ-ਸੁਆਦ ਅਨੁਭਵ ਕਰਦੇ ਹਾਂ। ਇਸ ਸੁਹਜ-ਸੁਆਦ ਨੂੰ ਹੀ ਸਾਹਿਤ ਆਲੋਚਨਾ ਦੀ ਸ਼ਬਦਾਵਲੀ ਵਿੱਚ “ਰਸ” ਕਿਹਾ ਜਾਂਦਾ ਹੈ।

ਇਸੇ ਗੱਲ ਨੂੰ ਰਸਵਾਦੀ ਆਲੋਚਕਾਂ ਨੇ ਕਈ ਤਰ੍ਹਾਂ ਦੀਆਂ ਜੁਗਤਾਂ ਨਾਲ਼ ਬਿਆਨ ਕੀਤਾ ਹੈ। ਭਰਤਮੁਨੀ ਨੇ ਲਿਖਿਆ ਹੈ ਕਿ ਅਸੀਂ ਕਈ ਤਰ੍ਹਾਂ ਦੇ ਤਰੀਕਿਆਂ ਨਾਲ਼ ਤਿਆਰ ਕੀਤੇ ਹੋਏ ਤਰ੍ਹਾਂ-ਤਰ੍ਹਾਂ ਦੇ ਭੋਜਨ-ਪਦਾਰਥਾਂ ਨੂੰ ਖਾ ਕੇ ਖ਼ੁਸ਼ੀ ਤੇ ਅਨੰਦ ਨੂੰ ਮਾਣਦੇ ਹਾਂ। ਇਸੇ ਤਰ੍ਹਾਂ ਸੰਵੇਦਨ-‘ਸ਼ੀਲ ਦਰਸ਼ਕ-ਸਰੋਤੇ ਨਾਟਕਾਂ ਦੀ ਭਾਵਕ ਐਕਟਿੰਗ ਵੇਖ ਕੇ ਅਤੇ ਜਾਂ ਦਿਲਾਂ ਨੂੰ ਧੂਹ ਪਾਉਂਦੀ ਕੋਈ ਕਾਵਿ-ਰਚਨਾ ਸੁਣ ਕੇ ਉਤੇਜਿਤ ਹੋਏ ਸਥਾਈ ਮਨੋਭਾਵਾਂ ਦੇ ਰਸਮਈ ਅਹਿਸਾਸ ਨੂੰ ਮਾਣਦੇ ਹਨ।

ਇੱਕ ਹੋਰ ਵਿਦਵਾਨ ਆਚਾਰੀਆ ਵਿਸ਼ਵਨਾਥ ਨੇ ਦੱਸਿਆ ਹੈ ਕਿ ਜਿਵੇਂ

ਦੁੱਧ ਨੂੰ ਜਾਗ ਲਾ ਕੇ ਦਹੀਂ ਬਣਾ ਲਿਆ ਜਾਂਦਾ ਹੈ ਉਸੇ ਤਰ੍ਹਾਂ ਸਾਡੇ ਦਿਲਾਂ ਦੇ ਸੁੱਤੇ ਹੋਏ ਮਨੋਭਾਵਾਂ ਨੂੰ ਸਾਹਿਤਕ ਜਾਗ ਲਗਾ ਕੇ 'ਰਸ' ਦੀ ਸ਼ਕਲ ਵਿੱਚ ਰੂਪਾਂਤਰ ਕਰ ਦਿੱਤਾ ਜਾਂਦਾ ਹੈ। ਰੂਪਾਂਤਰ ਹੋਏ ਇਹ ਭਾਵ [ਜਜ਼ਬੇ] ਹੀ ਰਸ ਹੋ ਨਿਬੜਦੇ ਹਨ।

ਰਸ ਦੀ ਸਮਗਰੀ

ਰਸ ਦੀ ਮੰਜ਼ਿਲ ਤੱਕ ਪਹੁੰਚਣ ਲਈ ਵਿਦਵਾਨਾਂ ਨੇ ਸਾਹਿਤ-ਰਚਨਾ ਵਿੱਚ ਤਿੰਨ ਤਰ੍ਹਾਂ ਦੀ ਕਲਾ-ਸਮਗਰੀ ਦੀ ਕਲਪਨਾ ਕੀਤੀ ਹੈ। ਇੱਕ ਹੈ ਕਾਰਨ-ਸਮਗਰੀ ਦੂਜਾ ਹੈ ਕਾਰਜ ਅਤੇ ਤੀਜਾ ਹੈ ਸਹਿਕਾਰੀ ਕਾਰਨ।

ਜਿੰਨਾਂ ਵਸਤੂਆਂ, ਵਿਸ਼ਿਆਂ, ਘਟਨਾਵਾਂ ਜਾਂ ਨਜ਼ਾਰਿਆਂ ਦੇ ਵਰਨਣ ਨਾਲ਼ ਪਿਆਰ ਆਦਿ ਸਥਾਈ ਭਾਵ ਜਾਗਦਾ ਹੈ ਉਹ ਕਾਰਨ ਹਨ। ਪ੍ਰੋ. ਮੋਹਨ ਸਿੰਘ ਦੀ ਕਵਿਤਾ ਹੈ -

ਡੂੰਘੀ ਆਥਣ ਹੋ ਗਈ ਮਾਹੀਆ ਲੱਥੀ ਸੰਝ ਚੁਫੇਰ ਵੇ,
ਵਿੱਚ ਪੱਛਮ ਦੇ ਸੂਹੀ ਲਾਂਗੜ ਸੂਰਜ ਦਿੱਤੀ ਖਲੇਰ ਵੇ,
ਲੋਪ ਹੋਈ ਚਾਨਣ ਦੀ ਸੱਗੀ ਸੰਘਣਾ ਹੋਇਆ ਹਨੇਰ ਵੇ,
ਇਤਨੀ ਵੀ ਕੀ ਦੇਰੀ ਮਾਹੀਆ ਇਤਨੀ ਵੀ ਕੀ ਦੇਰ ਵੇ।

ਏਥੇ ਕਵੀ ਨੇ ਡੂੰਘੀ ਆਥਣ, ਸੰਝ ਦਾ ਵੇਲ਼ਾ, ਪੱਛਮ ਦੀ ਲਾਲੀ ਆਦਿ ਕੁਦਰਤੀ ਦ੍ਰਿਸ਼ਾਂ ਦਾ ਜੋ ਬਿਆਨ ਕੀਤਾ ਹੈ, ਉਸ ਨਾਲ਼ ਬਿਰਹਣ ਨਾਇਕਾ ਦਾ ਪਿਆਰ ਭਾਵ ਹੋਰ ਤਿੱਖਾ ਤੇ ਹੋਰ ਉਤੇਜਿਤ ਹੁੰਦਾ ਹੈ। ਇਹ ਦ੍ਰਿਸ਼ "ਰਸ" ਦੀ ਕਾਰਨ-ਸਮਗਰੀ ਹੈ।

ਕਾਰਨਾਂ ਤੋਂ ਬਾਅਦ ਕਾਰਜ ਹੁੰਦਾ ਹੈ। ਉਪਰੋਕਤ ਕਾਰਨਾਂ ਕਰਕੇ ਨਾਇਕਾ ਦਾ ਪਿਆਰ ਭਾਵ ਰੋਮਾਂਚ, ਅੱਖਾਂ ਵਿੱਚ ਚਮਕ, ਬੋਲਾਂ ਵਿੱਚ ਮਸਤੀ ਆਦਿ ਰਾਹੀਂ ਬਾਹਰ ਪ੍ਰਗਟ ਹੁੰਦਾ ਹੈ। ਇਹ ਕਾਰਜ-ਸਮਗਰੀ ਹੈ ਜੋ ਪ੍ਰਤੱਖ ਹੈ। ਤੀਜੀ ਕਿਸਮ ਦੀ ਰਸ-ਸਮਗਰੀ ਹੈ ਸਹਿਕਾਰੀ ਕਾਰਨ ਜਿਵੇਂ ਯਾਦ, ਚਿੰਤਾ, ਸ਼ੰਕਾ, ਪਛਤਾਵਾ ਆਦਿ। ਇਹ ਪ੍ਰਗਟ ਤੇ ਪ੍ਰਤੱਖ ਹੋਏ ਪਿਆਰ ਦੀ ਪੁਸ਼ਟੀ ਕਰਦੇ ਹਨ। ਇਸ ਤਰ੍ਹਾਂ ਤਿੰਨ ਕਿਸਮ ਦੀ ਕਲਾ-ਸਮਗਰੀ ਦੇ ਸੁਮੇਲ ਨਾਲ਼ ਦਰਸ਼ਕ ਸ੍ਰੋਤੇ ਦੇ ਦਿਲ ਵਿੱਚ ਮੌਜੂਦ ਸਥਾਈ ਪ੍ਰੀਤ-ਭਾਵ ਸਰਗਰਮ ਹੋ ਕੇ ਸ਼ਿੰਗਾਰ ਰਸ ਦੀ ਸ਼ਕਲ ਵਿੱਚ ਪ੍ਰਗਟ ਹੋ ਜਾਂਦਾ ਹੈ।

ਉੱਪਰ ਬਿਆਨ ਕੀਤੀ ਰਸ-ਸਮਗਰੀ ਸਿਰਫ਼ ਰਸ ਦੇ ਪ੍ਰਗਟਾਉ ਲਈ ਹੀ ਹੈ। ਬਾਕੀ ਬੀਰ ਰਸ, ਹਾਸ ਰਸ, ਭਿਆਨਕ ਰਸ ਆਦਿ ਲਈ ਵੱਖੋ-ਵੱਖਰੀ ਕਾਵਿ-ਸਮਗਰੀ ਦਾ ਹੋਣਾ ਜ਼ਰੂਰੀ ਹੈ।

ਉੱਪਰ ਜਿਹੜੀ ਰਸ ਦੀ ਸਮਗਰੀ ਬਿਆਨ ਕੀਤੀ ਗਈ ਹੈ ਉਸ ਦਾ ਆਧਾਰ ਭਰਤਮੁਨੀ ਦਾ ਇੱਕ ਸਿਧਾਂਤ-ਸੂਤਰ ਹੈ। ਇਸ ਸੂਤਰ ਦੇ ਅਨੁਸਾਰ ਦੱਸਿਆ ਗਿਆ ਕਿ ਵਿਭਾਵ (ਕਾਰਨ), ਅਨੁਭਾਵ (ਕਾਰਜ) ਤੇ ਸਹਿਕਾਰੀ ਭਾਵ (ਸਹਿਕਾਰੀ ਕਾਰਨ) ਦੇ ਸੰਜੋਗ ਨਾਲ਼ ਰਸ ਪ੍ਰਗਟ ਹੁੰਦਾ ਹੈ।

ਕਾਵਿ-ਰਸ : ਕੁੱਝ ਪ੍ਰਮੁੱਖ ਸੰਕਲਪ

ਕਾਵਿ-ਰਸ ਸੰਬੰਧੀ ਚਰਚਾ ਕਰਨ ਵੇਲ਼ੇ ਕੁਝ ਪ੍ਰਮੁੱਖ ਸੰਕਲਪਾਂ ਸੰਬੰਧੀ ਗਿਆਨ ਹੋਣਾ ਜ਼ਰੂਰੀ ਹੈ -

ਸਥਾਈ ਭਾਵ :

ਮਨੁੱਖ ਭਾਵਾਂ ਦਾ ਮੁਜੱਸਮਾ ਹੈ। ਭਾਵ ਮਨੁੱਖ ਦੀਆਂ ਜਮਾਂਦਰੂ ਚਿੱਤ-ਬਿਰਤੀਆਂ ਹਨ। ਅਨੇਕ ਪ੍ਰਕਾਰ ਦੀਆਂ ਪਰਸਥਿਤੀਆਂ ਅਤੇ ਪ੍ਰਭਾਵਾਂ ਕਾਰਨ ਵੀ ਸਾਡੇ ਮਨ ਵਿੱਚ ਕੁਝ ਸੰਸਕਾਰ ਬਣਦੇ ਰਹਿੰਦੇ ਹਨ। ਇਹ ਲੁਪਤ ਜਾਂ ਜਾਗ੍ਰਿਤ ਰੂਪ ਵਿੱਚ ਸਾਡੇ ਚੇਤਨ/ਅਵਚੇਤਨ ਮਨ ਦਾ ਸਥਾਈ ਅੰਗ ਬਣ ਜਾਂਦੇ ਹਨ। ਰਸ-ਸਮਗਰੀ ਦੇ ਸਾਹਮਣੇ ਹੋਣ 'ਤੇ ਇਹੀ ਸਥਾਈ ਭਾਵ ਜਾਗਦੇ ਹਨ ਅਤੇ ਪਰਿਪੱਕ ਹੋ ਕੇ 'ਰਸ' ਵਿੱਚ ਬਦਲ ਜਾਂਦੇ ਹਨ। ਸਥਾਈ ਭਾਵ ਰਸ ਦੀ ਬੁਨਿਆਦ ਹਨ। ਗਿਣਤੀ ਵਿੱਚ ਸਥਾਈ ਭਾਵ ਨੌਂ ਹਨ ਜੋ ਇਸ ਪ੍ਰਕਾਰ ਹਨ : ਪ੍ਰੀਤ, ਹਾਸਾ, ਸ਼ੋਕ, ਕਰੋਧ, ਉਤਸ਼ਾਹ, ਭੈ, ਘ੍ਰਿਣਾ(ਸੂਗ), ਅਸਚਰਜ ਤੇ ਵੈਰਾਗ।

ਵਿਭਾਵ :

ਅਜਿਹੀ ਸਮਗਰੀ ਜਿਹੜੀ ਮਨ ਵਿੱਚ ਬੈਠੇ ਸਥਾਈ ਭਾਵ ਨੂੰ ਜਗਾਉਣ ਦਾ ਕਾਰਨ ਬਣਦੀ ਹੈ, ਵਿਭਾਵ ਅਖਵਾਉਂਦੀ ਹੈ। ਵਿਭਾਵ ਦੋ ਤਰ੍ਹਾਂ ਦੇ ਮੰਨੇ ਜਾਂਦੇ ਹਨ- ਆਲੰਬਨ ਵਿਭਾਵ ਤੇ ਉਦੀਪਨ ਵਿਭਾਵ। ਆਲੰਬਨ ਦਾ ਅਰਥ ਹੈ ਸਹਾਰਾ ਜਾਂ ਆਸਰਾ। ਆਲੰਬਨ ਵਿਭਾਵ ਰਸ ਦਾ ਆਧਾਰ ਹੁੰਦੇ ਹਨ। ਉੱਦੀਪਨ ਦੇ ਕੋਸ਼ਗਤ ਅਰਥ ਹਨ ਭੜਕਾਉਣ ਜਾਂ ਉਤੇਜਿਤ ਕਰਨ ਦੀ ਕਿਰਿਆ। ਇਸ ਤਰ੍ਹਾਂ ਕਾਵਿ ਵਿੱਚ ਰਸ ਨੂੰ ਵਧਾਉਣ ਵਾਲ਼ੇ ਵਿਭਾਵ ਨੂੰ ਉੱਦੀਪਨ ਕਹਿੰਦੇ ਹਨ।

ਅਨੁਭਾਵ : (ਪਰਛਾਂਵਾਂ) (Consequents)

ਸਥਾਈ ਭਾਵ ਜਾਗਣ ਤੋਂ ਪਿੱਛੋਂ ਦੀਆਂ ਵਿਭਿੰਨ ਚੇਸ਼ਟਾਵਾਂ ਨੂੰ ਅਨੁਭਵ ਕਿਹਾ ਜਾਂਦਾ ਹੈ। ਅਚਾਰੀਆ ਵਿਸ਼ਵਨਾਥ ਅਨੁਸਾਰ ਆਲੰਬਨ, ਉੱਦੀਪਨ ਆਦਿ ਕਾਰਨਾਂ ਤੋਂ ਪੈਦਾ ਹੋਏ ਭਾਵ ਦਾ ਬਾਹਰਮੁਖੀ ਪ੍ਰਗਟਾਅ ਅਨੁਭਾਵ ਹੈ। ਮਨੁੱਖ ਦੇ ਹਾਵ-ਭਾਵ ਤੇ ਹਰਕਤਾਂ ਤੋਂ ਪਤਾ ਲੱਗ ਜਾਂਦਾ ਹੈ ਕਿ ਉਹ ਕਿਹੜੀ ਭਾਵ-ਸਥਿਤੀ ਵਿੱਚ ਡੁੱਬਿਆ ਹੋਇਆ ਹੈ। ਇਹ ਹਾਵ-ਭਾਵ/ ਹਰਕਤਾਂ ਚਾਰ ਪ੍ਰਕਾਰ ਦੀਆਂ ਮੰਨੀਆਂ ਗਈਆਂ ਹਨ-

(ੳ) ਕਾਇਕ (ਸਰੀਰਿਕ ਅੰਗਾਂ ਦੀਆਂ ਹਰਕਤਾਂ)

(ਅ) ਵਾਚਿਕ (ਵਾਣੀ ਨਾਲ਼ ਸੰਬੰਧਿਤ)

(ੲ) ਆਹਾਰਯ (ਹਾਰ-ਸ਼ਿੰਗਾਰ/ਪਹਿਰਾਵੇ ਨਾਲ਼ ਸੰਬੰਧਿਤ)

(ਸ) ਸਾਤਵਿਕ (ਮਾਨਸਿਕ ਪ੍ਰਭਾਵ)

ਸੰਚਾਰੀ ਭਾਵ (ਸਹਿਕਾਰੀ ਭਾਵ) (Secondary moods)

ਸੰਚਾਰਸ਼ੀਲ ਤੇ ਅਟਿਕਵੇਂ ਜਾਂ ਅਸਥਿਰ ਮਨੋਵਿਕਾਰਾਂ ਜਾਂ ਚਿੱਤ ਬਿਰਤੀਆਂ ਨੂੰ ਸੰਚਾਰੀ ਭਾਵ ਕਿਹਾ ਜਾਂਦਾ ਹੈ। ਇਹ ਸਥਾਈ ਭਾਵਾਂ ਨੂੰ ਪੁਸ਼ਟ ਕਰਕੇ ਰਸ ਦੀ ਪਰਪੱਕਤਾ ਲਈ ਲਾਭਦਾਇਕ ਹੁੰਦੇ ਹਨ। ਇਹਨਾਂ ਦੀ ਹੋਂਦ ਜਲ ਤਰੰਗ ਜਾਂ ਪਾਣੀ ਦੇ ਬੁਲਬਲਿਆਂ ਵਾਂਗ ਮੰਨੀ ਗਈ ਹੈ। ਸੰਚਾਰੀ ਭਾਵਾਂ ਦਾ ਸੁਭਾਅ ਚੰਚਲ ਹੁੰਦਾ ਹੈ। ਕਾਵਿ/ਨਾਟਕ ਵਿੱਚ ਇਹ ਸੰਚਾਰੀ ਭਾਵ ਬਿਜਲੀ ਦੀ ਤਰ੍ਹਾਂ ਲਿਸ਼ਕਦੇ ਤੇ ਤਾਰਿਆਂ ਵਾਂਗ ਜਗਦੇ-ਬੁਝਦੇ ਰਹਿੰਦੇ ਹਨ।

ਸਾਧਾਰਨੀਕਰਨ

ਸਾਧਾਰਨੀਕਰਨ ਦਾ ਸਿੱਧਾ-ਸਾਦਾ ਸ਼ਾਬਦਿਕ ਅਰਥ ਤਾਂ ਹੈ ਸਰਬ ਸਾਧਾਰਨ ਹੋਣਾ, ਖ਼ਾਸ ਜਾਂ ਵਿਸ਼ੇਸ਼ ਦਾ ਨਾ ਹੋ ਕੇ ਸਰਬ ਸਾਂਝਾ ਹੋਣਾ। ਸਾਧਾਰਨੀਕਰਨ ਇੱਕ ਤਰ੍ਹਾਂ ਦੀ ਕਲਾ ਜੁਗਤ ਹੈ ਜੋ ਕਾਵਿ ਜਾਂ ਨਾਟਕ ਦੀ ਵਿਸ਼ੇਸ਼ ਸ਼ਬਦਾਤਮ ਵਸਤੂ ਨੂੰ ਨਿਰਾਲੀ 'ਭਾਵ-ਸਾਂਝ' ਵਿੱਚ ਰੂਪਾਂਤਰਿਤ ਕਰਕੇ ਰਸ ਦੀ ਕੋਟੀ ਤੱਕ ਪਹੁੰਚਾ ਦਿੰਦੀ ਹੈ। ਕਵਿਤਾ ਸੁਣ ਰਿਹਾ ਸਰੋਤਾ ਜਾਂ ਨਾਟਕ ਵੇਖ ਰਿਹਾ ਦਰਸ਼ਕ ਇਸ ਤਰ੍ਹਾਂ

ਰਸ ਮਗਨ ਹੋ ਜਾਂਦਾ ਹੈ ਕਿ ਉਹ ਕਵੀ ਜਾਂ ਨਾਟਕਕਾਰ ਨਾਲ਼ ਭਾਵਾਤਮਿਕ ਸਾਂਝ ਤੇ ਰਿਸ਼ਤਾ ਕਾਇਮ ਕਰ ਲੈਂਦਾ ਹੈ। ਇਹ ਇੱਕ ਅਜਿਹੀ ਮਨੋ ਸਥਿਤੀ ਹੈ ਜਿੱਥੇ ਵਿਸ਼ੈ ਅਤੇ ਪਾਠਕ ਵਿੱਚ ਪੂਰਨ ਸੰਬੰਧ ਪੈਦਾ ਹੋ ਜਾਂਦਾ ਹੈ। ਕਵੀ ਅਤੇ ਪਾਠਕ ਵਿਚਕਾਰ ਜਜ਼ਬਿਆਂ, ਸੁੱਖਾਂ-ਦੁੱਖਾਂ ਦੀ ਸਾਂਝ ਪੈਦਾ ਹੋ ਜਾਂਦੀ ਹੈ। ਇਉਂ ਵਿਭਾਵ, ਅਨੁਭਾਵ, ਸਹਿਕਾਰੀ ਸੰਚਾਰੀ ਅਤੇ ਸਥਾਈ ਭਾਵ ਦੇ ਸਰਬ ਸਾਂਝਾ ਹੋ ਜਾਣ ਦੀ ਕਿਰਿਆ ਹੀ ਸਾਧਾਰਨੀਕਰਨ ਹੈ। ਇਸੇ ਕਾਰਨ ਪਾਠਕ, ਦਰਸ਼ਕ ਜਾਂ ਸਰੋਤੇ ਪਾਤਰਾਂ ਦੇ ਦੁੱਖ ਸਮੇਂ ਦੁਖੀ, ਖ਼ੁਸ਼ੀ ਸਮੇਂ ਖ਼ੁਸ਼ ਹੁੰਦੇ ਹਨ ਅਰਥਾਤ ਉਹਨਾਂ ਵਿੱਚ ਇਕਮਿਕਤਾ ਦਾ ਸੰਬੰਧ ਸਥਾਪਿਤ ਹੋ ਜਾਂਦਾ ਹੈ।

ਰਸ ਦੇ ਪ੍ਰਕਾਰ

ਰਸ ਇੱਕ ਚੇਤਨਾਮਈ ਅਨੰਦ-ਸਰੂਪ ਹੈ ਜਾਂ ਇਉਂ ਕਹਿ ਲਈਏ ਕਿ 'ਰਸ' ਇੱਕ ਅਨੰਦਮਈ ਚੇਤਨਾ ਹੈ। ਜਦੋਂ ਅਸੀਂ ਇਸ ਨੂੰ ਅਨੰਦ-ਸਰੂਪ ਜਾਂ ਚੇਤਨਾ ਕਹਿੰਦੇ ਹਾਂ ਤਾਂ ਰਸ ਦੇ ਭੇਦ ਜਾਂ ਪ੍ਰਕਾਰ ਸੰਭਵ ਨਹੀਂ ਪਰੰਤੂ ਜਦੋਂ ਅਸੀਂ ਰਸ ਦੀ ਉਤਪਤੀ ਨਾਲ਼ ਸੰਬੰਧਿਤ ਪ੍ਰਕਿਰਿਆ ਵੱਲ ਧਿਆਨ ਦਿੰਦੇ ਹਾਂ ਤਾਂ ਰਸ ਦੇ ਭੇਦ-ਉਪਭੇਦ ਦਰਸਾਉਣੇ ਸੰਭਵ ਤੇ ਸੌਖੇ ਹੋ ਜਾਂਦੇ ਹਨ। ਪ੍ਰਾਚੀਨ ਭਾਰਤੀ ਰਸਵਾਦੀ ਚਿੰਤਕਾਂ ਨੇ ਰਸ ਦੇ ਕਈ ਭੇਦ ਦੱਸੇ ਹਨ। ਭਾਰਤ ਦੇ ਪ੍ਰਾਚੀਨ ਸਾਹਿਤ ਵਿੱਚ ਮੁੱਖ ਰੂਪ ਵਿੱਚ ਨੌਂ ਰਸ ਮੰਨੇ ਗਏ ਹਨ :

1. ਸ਼ਿੰਗਾਰ ਰਸ : ਇਸ ਦਾ ਸਥਾਈ ਭਾਵ ਪ੍ਰੇਮ (ਪ੍ਰੀਤ) ਹੈ।
2. ਹਾਸ ਰਸ : ਇਸ ਦਾ ਸਥਾਈ ਭਾਵ ਹਾਸਾ ਹੈ।
3. ਕਰੁਣ ਰਸ : ਇਸ ਦਾ ਸਥਾਈ ਭਾਵ ਸ਼ੋਕ ਹੈ।
4. ਰੌਂਦਰ ਰਸ : ਇਸ ਦਾ ਸਥਾਈ ਭਾਵ ਕਰੋਧ ਹੈ।
5. ਵੀਰ ਰਸ [ਬੀਰ ਰਸ] : ਇਸ ਦਾ ਸਥਾਈ ਭਾਵ ਉਤਸ਼ਾਹ ਹੈ।
6. ਭਿਆਨਕ ਰਸ : ਇਸ ਦਾ ਸਥਾਈ ਭਾਵ ਭੈ ਹੈ।
7. ਅਦਭੁਤ ਰਸ : ਇਸ ਦਾ ਸਥਾਈ ਅਸਚਰਜ ਵਿਸਮੈ ਹੈ।
8. ਬੀਭਤਸ ਰਸ : ਇਸ ਦਾ ਸਥਾਈ ਭਾਵ ਘਿਰਣਾ ਹੈ।
9. ਸ਼ਾਂਤ ਰਸ : ਇਸ ਦਾ ਸਥਾਈ ਭਾਵ ਵੈਰਾਗ ਹੈ।

ਸ਼ਿੰਗਾਰ ਰਸ :-

ਸਾਰਿਆਂ ਰਸਾਂ ਵਿੱਚੋਂ ਸ਼ਿੰਗਾਰ ਰਸ ਨੂੰ ਪਹਿਲਾ ਸਥਾਨ ਪ੍ਰਾਪਤ ਹੈ। ਇਸ ਲਈ ਸ਼ਿੰਗਾਰ ਰਸ ਨੂੰ ਰਸਾਂ ਦਾ ਰਾਜਾ ਅਰਥਾਤ ਰਸ-ਰਾਜ ਕਿਹਾ ਜਾਂਦਾ ਹੈ। ਕਈ ਵਿਦਵਾਨ ਇਹ ਵੀ ਆਖਦੇ ਹਨ ਕਿ ਅਸਲ ਵਿੱਚ ਇੱਕੋ ਰਸ ਹੈ ਜੋ ਸ਼ਿੰਗਾਰ ਰਸ ਹੈ ਬਾਕੀ ਰਸ ਤਾਂ ਉਸੇ ਵਿੱਚ ਹੀ ਸਮਾ ਜਾਂਦੇ ਹਨ। ਭੋਜਰਾਜ ਨੇ ਲਿਖਿਆ ਹੈ ਕਿ ਜੇਕਰ ਕਵੀ ਸ਼ਿੰਗਾਰ-ਰਸੀ ਹੋਵੇਗਾ ਤਾਂ ਸਾਰਾ ਜਹਾਨ ਰਸਮਈ ਹੋ ਨਿਬੜੇਗਾ, ਨਹੀਂ ਤਾਂ ਸਾਰਾ ਸੰਸਾਰ ਰਸਹੀਨ ਹੋ ਜਾਵੇਗਾ। ਭਰਤਮੁਨੀ ਦਾ ਕਹਿਣਾ ਹੈ ਕਿ ਸੰਸਾਰ ਵਿੱਚ ਜੋ ਕੁਝ ਵੀ ਪਵਿੱਤਰ ਤੇ ਉੱਜਵਲ ਹੈ ਉਹ ਸ਼ਿੰਗਾਰ ਰਸ ਵਿੱਚ ਸ਼ਾਮਲ ਹੈ। ਸ਼ਿੰਗਾਰ ਰਸ ਦੋ ਤਰ੍ਹਾਂ ਦਾ ਹੈ : ਸੰਜੋਗ ਤੇ ਵਿਜੋਗ-ਸ਼ਿੰਗਾਰ, ਜਾਂ ਵਸਲ ਤੇ ਹਿਜਰ। ਸ਼ਿੰਗਾਰ ਦਾ ਸਥਾਈ ਭਾਵ ਪ੍ਰੇਮ ਪ੍ਰੀਤ ਹੈ। ਪ੍ਰੀਤਵਾਨ ਨਾਇਕਾ ਵੱਲੋਂ ਮਿਲ਼ਨੀ ਦੀ ਖ਼ੁਸ਼ੀ, ਵਿਛੋੜੇ ਦੀ ਚੀਸ, ਬ੍ਰਿਹੋਂ ਦੀ ਪੀੜ ਜਾਂ ਵਸਲ ਲਈ ਤੜਪ ਤੇ ਵਿਆਕੁਲਤਾ ਆਦਿ ਜੋ ਕੁਝ ਵੀ ਜ਼ਿੰਦਗੀ ਨੂੰ ਰਸੀਲਾ ਬਣਾਉਂਦਾ ਹੈ ਉਹ ਸਭ ਕੁਝ ਸ਼ਿੰਗਾਰ ਰਸ ਦਾ ਕਮਾਲ ਹੈ। ਪਹਿਲਾਂ ਸੰਜੋਗ ਸ਼ਿੰਗਾਰ ਦਾ ਉਦਾਹਰਨ ਵੇਖੋ :

ਕੋਈ ਆਇਆ
ਸਰਘੀ ਸਾਰ ਮੇਰੇ ਕੋਲ਼।
ਤੇ ਮੂੰਹ-ਝਾਖਰੇ ਵਿੱਚ
ਸਿੰਞਾਤੇ ਬੋਲ।
ਸੁੱਤੇ ਸੂਰਜ ਤੇ ਚੰਦ
ਤਾਰਿਆਂ ਦੀ ਲਿਸ਼ਲਿਸ਼ ਬੰਦ
ਪਰ ਹਸਦੇ ਨੂਰਾਂ ਨਾਲ਼,
ਭਰੀ ਮੇਰੀ ਝੋਲ਼।

(ਪ੍ਰੀਤਮ ਸਿੰਘ ਸਫ਼ੀਰ-'ਸਰਘੀ ਸਾਰ')

ਕੁਦਰਤ ਦਾ ਦਿਲ-ਖਿਚਵਾਂ ਚਿਤਰਨ ਵੀ ਸ਼ਿੰਗਾਰ ਰਸ ਵਿੱਚ ਆਉਂਦਾ ਹੈ। ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਅੱਜ ਕੋਈ ਆਇਆ ਸਾਡੇ ਵੇਹੜੇ', ਸੰਜੋਗ ਸ਼ਿੰਗਾਰ ਰਸ ਦੀ ਅਤੇ ਕਵਿਤਾ 'ਸਵੇਰ'ਵਿਜੋਗ ਸ਼ਿੰਗਾਰ ਰਸ ਦੀ ਉਦਾਹਰਨ ਹੈ -

ਸੰਜੋਗ ਜਾਂ ਵਸਲ

ਨੀ ਅੱਜ ਕੋਈ ਆਇਆ ਸਾਡੇ ਵੇਹੜੇ।
ਤੱਕਣ ਚੰਨ ਸੂਰਜ ਢੁੱਕ-ਢੁੱਕ ਨੇੜੇ।
ਲੱਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂੰ।
ਆਇਆ ਨੀਂ ਖੌਰੇ ਅੰਬਰ ਘੁੰਮ ਘੁੰਮ ਕਿਹੜੇ।
ਚੁੰਮੋ ਨੀਂ ਇਹਦੇ ਹੱਥ ਚੰਬੇ ਦੀਆਂ ਕਲੀਆਂ।
ਧੋਵੇ ਨੀਂ ਇਹਦੇ ਪੈਰ ਮੱਖਣ ਦੇ ਪੇੜੇ।
ਰੱਖੋਂ ਨੀਂ ਇਹਨੂੰ ਚੁੱਕ-ਚੁੱਕ ਚਸ਼ਮਾਂ ਉੱਤੇ।
ਕਰੋਂ ਨੀਂ ਇਹਨੂੰ ਘੁੱਟ-ਘੁੱਟ ਜਿੰਦੇ ਦੇ ਨੇੜੇ।
ਪੁੱਛੋ ਨਾ ਇਹ ਕੌਣ ਤੇ ਕਿੱਥੋਂ ਆਇਆ।
ਤੱਕੋ ਨੀਂ : ਇਹਦਾ ਰੂਪ ਭੁੱਲਾ ਸਭ ਝੇੜੇ।
ਨੀ ਅੱਜ ਕੋਈ ਆਇਆ ਸਾਡੇ ਵੇਹੜੇ।

('ਅਧਵਾਟੇ' ਮੋਹਨ ਸਿੰਘ)

ਵਿਯੋਗ ਜਾਂ ਬ੍ਰਿਹੋਂ-

ਸਰਘੀ ਵਰਗੇ ਮੂੰਹ ਦੇ ਬਾਝੋਂ, ਕਿਹੜੇ ਕੰਮ ਸਵੇਰਾਂ ਨੇ।
ਯਾਦਾਂ ਭੇਜੇ ਆਪ ਨਾ ਆਵੇਂ,
ਇਹ ਕੇਹੀਆਂ ਦਿਲਬਰੀਆਂ ਨੇ।

('ਸਵੇਰ' ਮੋਹਨ ਸਿੰਘ)

ਜਾਂ

ਰਾਤੀਂ ਨੀਂਦ ਅਰਾਮ ਨਾ ਆਵੇ ਦਿਨੇ ਰਹੇ ਨਿੱਤ ਰਾਹੀਂ,
ਹਾਸ਼ਮ ਜਾਨ ਛਡਾਵਨ ਮੁਸ਼ਕਲ ਬੁਰੀ ਇਸ਼ਕ ਦੀ ਫਾਹੀ,
ਆਹੀਂ ਮਾਰੇ ਤੇ ਗ਼ਮ ਖਾਵੇ ਪੀਵੇ, ਖ਼ੂਨ ਜਿਗਰ ਦਾ,
ਰੋਵੇ ਪੀੜ ਕਰੇ ਦਿਲ ਘਾਇਲ ਜ਼ਖ਼ਮੀ ਵਸਲ ਹਿਜਰ ਦਾ।

(ਸੋਹਣੀ ਮਹੀਂਵਾਲ)

ਜਾਂ

ਮਿੱਤਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ,
ਤੁਧ ਬਿਨ ਰੋਗ ਰਜਾਈਆ ਦਾ ਓਢਣ
ਨਾਗ ਨਿਵਾਸਾਂ ਦਾ ਰਹਿਣਾ।
ਸੂਲ ਸੁਰਾਹੀ ਖੰਜਰ ਪਿਆਲਾ,
ਬਿੰਗ ਕਸਾਈਆਂ ਦਾ ਸਹਿਣਾ,
ਯਾਰੜੇ ਦਾ ਸਾਨੂੰ ਸੱਥਰ ਚੰਗਾ,
ਭੱਠ ਖੇੜਿਆਂ ਦਾ ਰਹਿਣਾ।

(ਗੁਰੂ ਗੋਬਿੰਦ ਸਿੰਘ)

ਹਾਸ-ਰਸ :-

ਜਦੋਂ ਸਾਨੂੰ ਜ਼ਿੰਦਗੀ ਫਿੱਕੀ-ਫਿੱਕੀ ਲੱਗਦੀ ਹੈ, ਖ਼ੁਸ਼ੀਆਂ ਖੇੜਾਂ ਤੇ ਚਾਅ ਪਲ-ਪਲ ਘਟਦੇ ਹਨ, ਉਦੋਂ ਖਿੜ-ਖਿੜ ਕਰਦਾ ਹਾਸਾ ਸਾਨੂੰ ਰੌਣਕਾਂ ਬਖ਼ਸ਼ਦਾ ਹੈ। ਇਸ ਰੌਣਕਾਂ-ਬਖ਼ਸ਼ ਹਾਸੇ ਤੋਂ ਹੀ "ਹਾਸ ਰਸ" ਉਜਾਗਰ ਹੁੰਦਾ ਹੈ।

ਹਾਸਾ ਕਈ ਤਰ੍ਹਾਂ ਦਾ ਹੁੰਦਾ ਹੈ। ਇੱਕ ਹਾਸਾ ਸਾਡਾ ਜੀਅ ਦੁਖਾਏ, ਇੱਕ ਹਾਸਾ ਸਾਡਾ ਮਨ ਪਰਚਾਵੇ, ਇੱਕ ਸਾਡਾ ਤਣਾਉ ਘਟਾਵੇ, ਇੱਕ ਹਾਸਾ ਸਾਨੂੰ ਚੋਭ ਲਗਾਵੇ ਇੱਕ ਉਹ ਵੀ ਹਾਸਾ ਹੈ ਜੋ ਸਮਾਜਿਕ ਬੁਰਾਈਆਂ ਨੂੰ ਨਸ਼ਤਰਾਂ ਲਗਾਵੇ। ਪਰ ਕਵੀ ਤੇ ਕਲਾਕਾਰ ਦਾ ਹਾਸਾ ਉਸਾਰੂ ਹੁੰਦਾ ਹੈ। ਮਨੁੱਖੀ ਜੀਵਨ ਵਿੱਚ ਅਨਮੋਲ ਗੱਲਾਂ, ਅਨਮੋਲ ਘਟਨਾਵਾਂ ਅਤੇ ਹੋਰ ਅਜੋੜ ਤੇ ਅਨਮੋਲ ਹਰਕਤਾਂ ਦਾ ਹਸਾਉਣਾ ਮਸਾਲਾ ਇੱਕਠਾ ਕਰਕੇ ਕਲਾਕਾਰ, ਜ਼ਿੰਦਗੀ ਨੂੰ ਖ਼ੁਸ਼ੀਆਂ ਨਾਲ਼ ਭਰਪੂਰ ਕਰਨ ਦੀ ਲੋਚਾ ਰੱਖਦਾ ਹੈ। ਇਹ ਸਾਹਿਤਿਕ ਹਾਸਾ ਹੈ। ਅਸਲ ਵਿੱਚ ਸਾਹਿਤਿਕ ਹਾਸਾ ਦੁਧਾਰੀ ਤਲਵਾਰ ਹੈ। ਉੱਪਰੋਂ ਇਹ ਹੌਲ਼ਾ-ਫੁੱਲ ਦਿਸਦਾ ਹੈ ਪਰ ਵਿੱਚੋਂ ਇਹ ਕੋਈ ਡੂੰਘੀ ਮਾਰ ਕਰਦਾ ਹੈ। ਸਾਹਿਤਿਕ ਹਾਸਾ ਕਾਟ ਵੀ ਕਰਦਾ ਹੈ ਪਰ ਪੀੜ ਨਹੀਂ ਹੋਣ ਦੇਂਦਾ। ਹਾਸੇ ਦੀ ਵਿਅੰਗੋਕਤੀ ਕਮਾਲ ਹੈ ਕਿ ਇਹ ਵਿਅਕਤੀ ਜਾਂ ਸਮਾਜ ਨੂੰ ਉਸ ਦੀਆਂ ਕਮੀਆਂ ਤੋਂ ਖ਼ਬਰਦਾਰ ਕਰ ਕੇ ਉਸ ਨੂੰ ਸਿੱਧੇ ਰਾਹ ਪਾਉਣ ਲਈ ਯਤਨਸ਼ੀਲ ਹੁੰਦੀ ਹੈ।

ਪੰਜਾਬੀ ਸਾਹਿਤ ਵਿੱਚ ਸੁਥਰਾ, ਬੁੱਲੇ ਸ਼ਾਹ ਦੇ ਹਾਸ-ਰਸੀ ਕਾਵਿ-ਬੋਲ

ਮਸ਼ਹੂਰ ਹਨ। ਸੁਥਰੇ ਦੇ ਸਿੱਧੇ-ਸਾਦੇ ਬੋਲ ਕਿਵੇਂ ਮਿੰਨਾ-ਮਿੰਨਾ ਹਾਸਾ ਛੇੜਦੇ ਹਨ, ਵੇਖੋ :

" ਨਿੱਕੇ ਹੁੰਦੇ ਢੱਗੇ ਚਾਰੇ, ਵੱਡੇ ਹੋਏ ਹਲ਼ ਵਾਹਿਆ
ਬੁੱਢੇ ਹੋਏ ਮਾਲਾ ਫੇਰੀ, ਰੱਬ ਦਾ ਉਲ਼ਾਂਭਾ ਲਾਹਿਆ।"

ਬੁੱਲਾ ਕਹਿੰਦਾ ਹੈ : "ਰੱਬ ਦਾ ਕੀ ਪਾਉਣਾ, ਏਧਰੋਂ ਪੁੱਟਣਾ ਤੇ ਉਧਰ ਲਾਉਣਾ।" ਚਰਨ ਸਿੰਘ ਸ਼ਹੀਦ ਦੀਆਂ "ਬਾਦਸ਼ਾਹੀਆਂ", ਈਸ਼ਰ ਸਿੰਘ ਭਾਈਆ, ਸੂਬਾ ਸਿੰਘ, ਡਾ. ਗੁਰਨਾਮ ਸਿੰਘ ਤੀਰ ਵੀ ਹਾਸਰਸੀ ਕਵੀ ਹੋਏ ਹਨ। ਤੀਰ ਨੇ " ਰਾਂਝੇ ਦਾ ਮੈਮੋਰੈਂਡਮ" ਵਿੱਚ ਰਾਂਝੇ ਦਾ ਅੰਗਰੇਜ਼ੀਕਰਨ ਕੀਤਾ ਹੈ। ਵੰਨਗੀ ਪੇਸ਼ ਹੈ -

ਉਦਾਹਰਨ

"ਮੈਡਮ, ਕੀ ਆਖਾਂ ਤੈਨੂੰ ਕਿਵੇਂ ਆਖਾਂ? ਅੱਜ ਆਖਣੇ ਦੀ ਪੈ ਗਈ ਲੋੜ ਹੀਰੇ।
ਫਸਟ ਏਡ ਦੇ ਥਾਂ ਤੂੰ ਰੇਡ ਕੀਤਾ ਸਾਡਾ ਹਿੱਲਿਆ ਏ ਜੋੜ-ਜੋੜ ਹੀਰੇ।
ਜੇ ਤੂੰ ਖੇੜਿਆ ਬਾਂਝ ਨਹੀਂ ਰਹਿ ਸਕਦੀ ਮੱਝਾਂ ਚਾਰੀਆਂ ਦੇ ਪੈਸੇ ਮੋੜ ਹੀਰੇ।
ਮੇਰੇ ਟੀ.ਏ. ਤੇ ਡੀ.ਏ. ਦਾ ਕਰ ਲੇਖਾ ਮੈਂ ਨਾ ਮੰਗਦਾ ਲੱਖ ਕਰੋੜ ਹੀਰੇ।
ਹੀਰਾਂ ਹੋਰ ਨੀਂ ਜੱਗ ਵਿੱਚ ਬਹੁਤ ਹੀਰਾਂ ਐਪਰ ਰਾਂਝਿਆਂ ਦੀ ਸ਼ਾਰਟੇਜ ਹੀਰੇ।
ਏਥੇ ਚੱਲਦੀ ਬੜੀ ਫਲਰਟੇਸ਼ਨ ਸੱਚੇ ਆਸ਼ਕਾਂ ਦੀ ਨਹੀਂਓ ਏਜ ਹੀਰੇ।
ਹਿੰਦੂ ਕੋਡ ਵਰਾਸਤ ਦਾ ਬਿੱਲ ਪੜ੍ਹ ਲੈ ਹੁਣ ਹੋਰ ਤੇ ਹੋਰ ਦਹੇਜ ਹੀਰੇ।
ਮੇਰੀ ਮੰਨ ਲੈ ਰਲ਼ ਕੇ ਕੰਮ ਕਰੀਏ ਲਿਖੀਏ ਹਿਸਟਰੀ ਦਾ ਨਵਾਂ ਪੇਜ ਹੀਰੇ।"

ਕਰੁਣ ਰਸ :-

ਵਿਸ਼ਵਨਾਥ ਨੇ ਲਿਖਿਆ ਹੈ ਕਿ ਮਨਚਾਹਤ ਪ੍ਰਿਆ ਵਸਤੂ ਦੇ ਨਾ ਮਿਲ਼ਨ ਅਤੇ ਅਣਚਾਹਤ ਦੀ ਪ੍ਰਾਪਤੀ ਕਰ ਕੇ ਜਿੱਥੇ ਸ਼ੋਕ ਸਥਾਈ ਭਾਵ ਦੀ ਪੁਸ਼ਟੀ ਹੋਵੇ ਉੱਥੇ ਕਰੁਣ ਰਸ ਦਾ ਪ੍ਰਗਟਾਉ ਹੁੰਦਾ ਹੈ। ਕਰੁਣ ਰਸ ਦਾ ਅਨੁਭਵ ਬਹੁਤ ਤੀਬਰ ਹੁੰਦਾ ਹੈ ਕਿਉਂਕਿ ਇਸ ਵਿੱਚ ਹਮਦਰਦੀ ਤੇ ਸੰਵੇਦਨਾ ਡੂੰਘੀ ਹੁੰਦੀ ਹੈ। ਹਮਦਰਦੀ ਸਭ ਤੋਂ ਵੱਧ ਕੋਮਲ ਭਾਵ ਹੈ। ਮਨੁੱਖ ਆਪਣੇ ਪ੍ਰਿਆ ਜਨ ਦੇ ਸ਼ੋਕ ਵਿੱਚ ਏਨਾ ਪਿਘਲ਼ ਜਾਂਦਾ ਹੈ ਕਿ ਕੁੱਲ ਦੁਨੀਆਂ ਦੇ ਦਰਦ ਵਿੱਚ ਉਸ ਦਾ ਰੋਮ-ਰੋਮ ਪੀੜਤ ਹੋ ਉੱਠਦਾ ਹੈ। ਗੁਰੂ ਨਾਨਕ ਦੇਵ ਜੀ ਨੇ ਕਰੁਣਾ-ਭਾਵ ਵਿੱਚ ਪਸੀਜ ਕੇ ਹੀ ਰੱਬ ਨੂੰ ਉਲਾਂਭਾ ਦਿੱਤਾ ਤੇ ਕਿਹਾ -" ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ

ਨਾ ਆਇਆ"। ਕਰੁਣਾਵਤਾਰ ਗੁਰੂ ਦੀ ਉਪਰੋਕਤ ਪੰਗਤੀ ਵਿੱਚ ਤਰਸ ਤੇ ਕਰੁਣਾ ਦੀ ਭਾਵਨਾ ਠਾਠਾਂ ਮਾਰ ਰਹੀ ਹੈ। ਅੰਗਰੇਜ਼ਾਂ ਹੱਥੋਂ ਸਿੱਖਾਂ ਦੀ ਹਾਰ ਵੇਖ ਕੇ ਸ਼ਾਹ ਮੁਹੰਮਦ ਦਰਦ ਤੇ ਕਰੁਣਾ ਵਿੱਚ ਇਉਂ ਕੁਰਲਾ ਉੱਠਦਾ ਹੈ :--

"ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ।

ਸ਼ਾਹ ਮੁਹੰਮਦਾ ਇੱਕ ਸਰਕਾਰ ਬਾਂਝੋ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।"

ਆਧੁਨਿਕ ਯੁੱਗ ਵਿੱਚ ਹਿੰਦ-ਪਾਕ ਦੀ ਵੰਡ ਸਮੇਂ ਅੰਮ੍ਰਿਤਾ ਪ੍ਰੀਤਮ ਨੇ ਕੀਰਨੇ ਪਾਏ ਹਨ।

"ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੇ ਕਬਰਾਂ ਵਿੱਚੋਂ ਬੋਲ।
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।
ਇੱਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ-ਲਿਖ ਮਾਰੇ ਵੈਣ।
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਸ ਸ਼ਾਹ ਨੂੰ ਕਹਿਣ।
ਵੇ ਦਰਦਮੰਦਾਂ ਦਿਆ ਦਰਦੀਆ! ਉੱਠ ਤੱਕ ਆਪਣਾ ਪੰਜਾਬ।
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ।"

ਜਾਂ

ਜਿਨਿ ਸਿਰਿ ਸੋਹਨਿ ਪਟੀਆਂ ਮਾਂਗੀ ਪਾਇ ਸੰਧੂਰ।
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ।
ਮਹਲਾ ਅੰਦਰਿ ਹੋਦੀਆ ਹੁਣਿ ਬਹਨਿ ਨਾ ਮਿਲਨਿ ਹਦੂਰਿ।
ਆਦੇਸ ਬਾਬਾ ਆਦੇਸੁ।

[ਗੁਰੂ ਨਾਨਕ, ਰਾਗ ਆਸਾ, ਪੰਨਾ 417]

ਜਾਂ

ਦੁੱਧੀਆਂ ਨਾਲ਼ ਪਲਮਦੇ ਬੱਚੇ
ਕੰਮੀਂ ਰੁੱਝੀਆਂ ਮਾਂਵਾਂ,

ਅੱਖਾਂ ਦੇ ਵਿੱਚ ਛਲਕਣ ਅੱਥਰੂ
ਹਿੱਕਾਂ ਦੇ ਵਿੱਚ ਆਹਾਂ।

(ਪ੍ਰੋ. ਮੋਹਨ ਸਿੰਘ, ਤਾਜ-ਮਹੱਲ)

ਰੌਦਰ ਰਸ :-

ਰੌਦਰ ਰਸ ਦਾ ਸਥਾਈ ਭਾਵ ਕ੍ਰੋਧ ਹੈ। ਜਿੱਥੇ ਵਿਰੋਧੀਆਂ ਵੱਲੋਂ ਬੇਇੱਜ਼ਤੀ, ਨਿਰਾਦਰੀ ਕੀਤੀ ਜਾਂਦੀ ਹੈ ਅਤੇ ਜਾਂ ਦੇਸ ਤੇ ਧਰਮ ਦਾ ਅਪਮਾਨ ਕੀਤਾ ਜਾਂਦਾ ਹੈ ਉੱਥੇ ਬਦਲੇ ਦੀ ਭਾਵਨਾ ਵਿੱਚੋਂ ਕਰੋਧ ਭਾਵ ਜਾਗਦਾ ਹੈ, ਤਾਂ ਉੱਥੇ ਰੌਦਰ ਰਸ ਦਾ ਪ੍ਰਗਟਾਵਾ ਹੁੰਦਾ ਹੈ। ਜਿੱਥੇ ਕਵਿਤਾ ਜਾਂ ਨਾਟਕਾਂ ਦੇ ਦ੍ਰਿਸ਼ਾਂ ਵਿੱਚ ਅੰਗਾਂ ਦਾ ਲਹੂ-ਲੁਹਾਣ ਹੋਣਾ ਚਿਤਰਿਆ ਜਾਂਦਾ ਹੈ ਅਤੇ ਮਾਰੋ, ਕੱਟੋ-ਵੱਢੋ ਦੇ ਲਲਕਾਰੇ ਲਾਏ ਜਾਂਦੇ ਹਨ ਅਤੇ ਜਿੱਥੇ ਮੌਤ ਨੰਗਾ ਨਾਚ ਨੱਚਦੀ ਹੈ, ਉੱਥੇ ਰੌਦਰ ਰਸ ਪੂਰੇ ਜੋਬਨ 'ਤੇ ਹੁੰਦਾ ਹੈ।

ਆਲੋਚਕਾਂ ਨੇ ਬੀਰ ਰਸ ਤੇ ਰੌਦਰ ਰਸ ਦੇ ਦਰਮਿਆਨ ਬਹੁਤ ਸੂਖ਼ਮ ਫ਼ਰਕ ਬਿਆਨ ਕੀਤਾ ਹੈ। ਵੀਰ ਰਸ [ਬੀਰ ਰਸ] ਦਾ ਸਥਾਈ ਭਾਵ ਉਤਸ਼ਾਹ ਹੈ ਅਤੇ ਰੌਦਰ ਰਸ ਦਾ ਸਥਾਈ ਭਾਵ ਗੁੱਸਾ ਜਾਂ ਕਰੋਧ ਹੈ। ਉਤਸ਼ਾਹ ਵਿੱਚ ਆਦਮੀ ਦਾ ਵਿਵੇਕ ਹੁੰਦਾ ਹੈ ਅਤੇ ਭਲੇ-ਬੁਰੇ ਦੀ ਪਛਾਣ ਕਰਨ ਦੇ ਕਾਬਲ ਹੋ ਕੇ ਗੁੱਸੇ ਨੂੰ ਕਾਬੂ ਵਿੱਚ ਰੱਖਦਾ ਹੋਇਆ ਕਿਸੇ ਉੱਚੇ ਆਦਰਸ਼ ਲਈ ਜੂਝਦਾ ਹੈ। ਪਰ ਦੂਜੇ ਪਾਸੇ ਰੌਦਰ ਰਸ ਦੇ ਸਥਾਈ ਭਾਵ ਕਰੋਧ ਵਿੱਚ ਆਦਮੀ ਦਾ ਵਿਵੇਕ-ਸੁੰਨ ਹੁੰਦਾ ਹੈ ਅਤੇ ਹਰ ਤਰ੍ਹਾਂ ਦੇ ਜਾਇਜ਼-ਨਾਜਾਇਜ਼ ਕੰਮ ਕਰਨ ਦੀ ਖ਼ਾਤਰ ਮੌਤ ਨਾਲ਼ ਖੇਡਦਾ ਹੈ।

ਗੁਰਬਾਣੀ ਵਿੱਚ ਕਰੋਧ ਨੂੰ ਚੰਡਾਲ, ਵਿਕਰਾਲ ਤੇ ਬੇਤਰਸ ਕਿਹਾ ਗਿਆ ਹੈ। ਗੁਰੂ-ਵਾਕ ਹੈ - "ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧ ਚੰਡਾਲ"। ਕਰੋਧੀ ਮਨੋ-ਬਿਰਤੀ ਵਿੱਚੋਂ ਕਲਹ, ਲੜਾਈ-ਝਗੜਾ ਤੇ ਵਾਦ-ਵਿਵਾਦ ਉਪਜਦੇ ਹਨ। ਇਸ ਲਈ ਕਵੀ/ਨਾਟਕਕਾਰ ਮੌਕੇ ਮੁਤਾਬਕ ਆਪਣੇ ਪਾਤਰਾਂ ਦੇ ਕ੍ਰੋਧ-ਭਾਵ ਨੂੰ ਇਸ ਤਰ੍ਹਾਂ ਚਿਤਰਿਤ ਕਰਦਾ ਹੈ ਕਿ ਸਾਰਾ ਵਾਤਾਵਰਨ ਹੀ ਰੌਦਰਮਈ ਹੋ ਜਾਂਦਾ ਹੈ ਅਤੇ ਪਾਠਕ/ਦਰਸ਼ਕ ਰੌਦਰ ਰਸ ਨੂੰ ਮਾਣਦੇ ਹਨ।

ਰੌਦਰ ਰਸ ਦੇ ਕੁਝ ਉਦਾਹਰਨ

"ਫਉਜਾਂ ਦੋਹਾਂ ਮੁਕਾਬਲਾ ਜਿਉਂ ਬਰਸਣ ਆਈਆਂ।
ਬੰਦੂਕਾਂ ਦੀਆਂ ਗੋਲ਼ੀਆਂ ਕਹੁ ਪਵਨ ਵਸਾਈਆਂ।

ਗੱਜਣ ਤੋਪਾਂ ਡਾਇਣੀ ਜਿਉਂ ਘਣੀਅਰ ਘਾਈਆਂ।
ਧੂਹ ਮਿਆਨੋਂ ਕੱਢੀਆਂ ਰਣ ਵਿੱਚ ਚਲਾਈਆਂ।"

ਜਾਂ

ਆਕਿਲ ਤੁਬਕ ਵੱਜੁਤੀਆਂ ਭਰ ਵਜ਼ਨ ਸੰਭਾਲੀ।
ਉਹਨੂੰ ਢਾਢ ਅਲੰਬੇ ਆਤਸ਼ੋਂ ਭੁੱਖ ਭੱਤੇ ਜਾਲੀ।
ਉਹਦਾ ਕੜਕ ਪਿਆਲਾ ਉਠਿਆ, ਭੰਨ ਗਈ ਹੈ ਨਾਲ਼ੀ।
ਉਸ ਦੂਰੋਂ ਡਿੱਠਾ ਆਂਵਦਾ ਫਿਰ ਸ਼ਾਹ ਗਿਜ਼ਾਲੀ।
ਉਸ ਲਗਦੀ ਬੱਬਰ ਬੋਲਿਆ ਜਿਵੇਂ ਖੋੜੀ ਥਾਲੀ।
ਜਿਵੇਂ ਲਾਟੂ ਟੁੱਟਾ ਡੋਰ ਤੋਂ ਪਾ ਗਿਰਦ ਭੰਵਾਲੀ।
ਅੱਗ ਥੋੜ੍ਹੀ ਥੋੜ੍ਹੀ ਸੁਲਗਦੀ ਫੇਰ ਆਕਲ ਬਾਲੀ।

[ਵੀਰ ਝਾਕੀਆਂ]

ਬੀਰ ਰਸ :-

ਜਿੱਥੇ ਜੰਗਾਂ-ਜੁੱਧਾਂ ਵਿੱਚ ਬੀਰਤਾ, ਸੂਰਮਗਤੀ ਤੇ ਬਹਾਦਰੀ ਦਿਖਾਉਣ ਦਾ ਜਿਹੜਾ ਚਾਉ ਤੇ ਉਤਸ਼ਾਹ ਹੁੰਦਾ ਹੈ ਉੱਥੇ "ਬੀਰ ਰਸ" ਦਾ ਅਹਿਸਾਸ ਹੁੰਦਾ ਹੈ। ਆਚਾਰੀਆ ਮੰਮਟ ਨੇ ਲਿਖਿਆ ਹੈ ਕਿ ਕਿਸੇ ਮਹਾਨ ਕਾਰਜ ਨੂੰ ਤੋੜ ਤੱਕ ਨਿਭਾਉਣ ਵਾਸਤੇ ਸਾਡੇ ਦਿਲਾਂ ਵਿੱਚ ਜਿਹੜੀ ਇੱਕ ਖ਼ਾਸ ਕਿਸਮ ਦੀ ਹੌਂਸਲਾ-ਭਰਪੂਰ ਕਿਰਿਆ ਹੁੰਦੀ ਹੈ, ਉਹੋ ਹੀ ਉਤਸ਼ਾਹ ਹੈ। ਇਹ ਉਤਸ਼ਾਹ-ਭਾਵ ਰਣ-ਭੂਮੀ ਵਿੱਚ ਅਤੇ ਉਸ ਤੋਂ ਬਾਹਰ ਧਰਮ ਦੀ ਰਕਸ਼ਾ ਲਈ ਅਤੇ ਗਰੀਬਾਂ ਤੇ ਦੀਨ-ਹੀਨ ਲੋਕਾਂ ਨੂੰ ਦਾਨ ਦੇਣ ਲਈ ਵੀ ਹੋ ਸਕਦਾ ਹੈ, ਉੱਥੇ ਵੀ ਬੀਰ ਰਸ ਝਲਕਦਾ ਹੈ ਅਜਿਹੀ ਸਥਿਤੀ ਵਿੱਚ ਬੀਰ ਰਸ ਦੀਆਂ ਧਰਮਬੀਰ ਦੇ ਦਾਨਬੀਰ ਕਿਸਮਾਂ ਮੰਨੀਆਂ ਜਾਂਦੀਆਂ ਹਨ।

ਇਹਨਾਂ ਸਾਰੀਆਂ ਕਿਸਮਾਂ ਦਾ ਸਥਾਈ ਭਾਵ "ਉਤਸ਼ਾਹ ਹੀ ਹੈ, ਇਸ ਲਈ ਯੁੱਧਬੀਰ, ਧਰਮਬੀਰ, ਦਾਨਬੀਰ ਤੇ ਦਇਆਬੀਰ ਸਾਰੇ ਬੀਰ ਰਸ ਦੇ ਅੰਤਰਗਤ ਹੀ ਸ਼ਾਮਲ ਹੁੰਦੇ ਹਨ।

ਪੰਜਾਬੀ ਦੇ "ਵਾਰ ਸਾਹਿਤ" ਵਿੱਚ ਬੀਰ ਰਸ ਦੀਆਂ ਢੇਰ ਵੰਨਗੀਆਂ

ਹਨ। ਗੁਰੂ ਗੋਬਿੰਦ ਸਿੰਘ ਰਚਿਤ "ਚੰਡੀ ਦੀ ਵਾਰ" ਬੀਰ ਰਸ ਦਾ ਉੱਤਮ ਨਮੂਨਾ ਹੈ। ਸ਼ਾਹ ਮੁਹੰਮਦ ਦੇ ਜੰਗਨਾਮੇ "ਜੰਗ ਸਿੰਘਾਂ ਤੇ ਫਰੰਗੀਆਂ" ਵਿੱਚ ਬੀਰ ਰਸ ਦੇ ਕਈ ਬੰਦ ਹਨ: "ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗੂ ਨੇਂਬੂਆਂ ਲਹੂ ਨਿਚੋੜ ਦਿੱਤੇ"

ਜਾਂ

"ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ,
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ ਜਿਵੇਂ ਬੇਲਿਓਂ ਨਿਕਲ਼ਦੇ ਸ਼ੇਰ ਮੀਆਂ।"

ਦਸ਼ਮੇਸ਼ ਗੁਰੂ ਦੀ ਮੁਹਰਛਾਪ ਲੱਗੇ ਹੋਏ ਇਹ ਅਲੌਕਿਕ ਪ੍ਰਤਿੱਗਿਆ-ਬਚਨ ਨਿਰਾਸ਼ ਤੇ ਹਤਾਸ਼ ਲੋਕਾਂ ਵਿੱਚ ਵੀਰਤਾ ਦਾ ਸੰਚਾਰ ਕਰਦੇ ਹਨ :

"ਭੇੜੋਂ ਕੋ ਮੈਂ ਸ਼ੇਰ ਬਨਾਊਂ। ਰਾਠਨ ਕੇ ਸੰਗ ਰੰਕ ਲੜਾਊਂ
ਭੂਪ ਗਰੀਬਨ ਕੋ ਕਹਵਾਊਂ। ਚਿੜੀਓਂ ਸੇ ਮੈਂ ਬਾਜ਼ ਤੁੜਾਊਂ
ਸਵਾ ਲਾਖ ਸੇ ਏਕ ਲੜਾਊਂ। ਤਬੈ ਗੋਬਿੰਦ ਸਿੰਘ ਨਾਮ ਧਰਾਊਂ।"

ਬੀਰ ਰਸ ਦੇ ਹੋਰ ਉਦਾਹਰਨ :-

ਜੰਗ ਮੁਸਾਫਾ ਬੱਜਿਆ ਰਣ ਘੁਰੇ ਨਗਾਰੇ ਚਾਵਲੇ।
ਝੁਲਨ ਨੇਜੇ ਬੈਰਕਾਂ ਨੀਸਾਣ ਲਸਨਿ ਲਸਾਵਲੇ।
ਢੋਲ ਨਗਾਰੇ ਪਉਣ ਦੇ ਊਂਘਣ ਜਾਣ ਜਟਾਵਲੇ।
ਦੁਰਗਾ ਦਾਨੋ ਡਹੇ ਰਣ ਨਾਦ ਵੱਜਨ ਖੇਤ ਭੀਹਾਵਲੇ।
ਬੀਰ ਪਰੋਤੇ ਬਰਛੀਏ ਜਣ ਡਾਲ ਚਮੁੱਟੇ ਆਵਲੇ।
ਇੱਕ ਵੱਢੇ ਤੇਗੀਂ ਤੜਫੀਅਨ ਮਦ ਪੀਤੇ ਲੋਟਨ ਬਾਵਲੇ।
ਇੱਕ ਚੁਣ ਚੁਣ ਝਾੜਉ ਕਢੀਅਨ ਰੇਤ ਵਿੱਚੋਂ ਸੁਇਨਾ ਡਾਵਲੇ।
ਗਦਾਂ ਤ੍ਰਿਸੂਲਾਂ ਬਰਛੀਆਂ ਤੀਰ ਵੱਗਨ ਖਰੇ ਉਤਾਵਲੇ
ਜਣ ਡਸੇ ਭੁਜੰਗ ਮੁਸਾਵਲੇ।

(ਚੰਡੀ ਦੀ ਵਾਰ)

ਜਾਂ

ਉਹ ਜੁਟ ਪਏ ਦੋਵੇਂ ਸੂਰਮੇ ਰਣ ਘੱਗੇ ਹਾਰੇ,
ਉਹ ਮਾਰਨ ਸੱਟ ਵਦਾਣ ਵਾਂਗ ਹੋ ਪੱਬਾਂ ਭਾਰੇ।
ਕਰ ਝੜਕ ਕੜਕ ਕੜਕ ਕੜਕ ਢਾਲੀਂ ਬਲ ਖਾਰੇ।

(ਨਜਾਬਤ)

ਭਿਆਨਕ ਰਸ :-

ਕਿਸੇ ਡਰਾਉਣੀ ਸ਼ੈ ਨੂੰ ਵੇਖਣ, ਸੁਣਨ ਕਰ ਕੇ ਅੰਤਰ-ਮਨ ਵਿੱਚੋਂ ਜਦੋਂ ਭੈ ਪ੍ਰਬਲ ਰੂਪ ਧਾਰਨ ਕਰ ਦੇ ਪੁਸ਼ਟ ਹੁੰਦਾ ਹੈ ਉਦੋਂ ਭਿਆਨਕ ਰਸ ਪ੍ਰਗਟ ਹੁੰਦਾ ਹੈ। ਇਸ ਰਸ ਦਾ ਸਥਾਈ ਭਾਵ "ਭੈ" ਹੈ। ਵਿਦਵਾਨਾਂ ਨੇ ਲਿਖਿਆ ਹੈ ਕਿ ਚਿੱਤ ਦੀ ਬੇਚੈਨੀ ਤੇ ਵਿਆਕੁਲਤਾ ਤੋਂ ਪੈਦਾ ਹੋਈ ਮਨ ਦੀ ਡਾਵਾਂਡੋਲ ਅਵਸਥਾ ਹੀ ਭੈ ਹੈ। ਸ਼ੇਰ, ਸੱਪ, ਆਦਿ ਮਾਰਖੰਡੇ, ਜਾਨਵਰ, ਘੋਰ ਜੰਗਲ਼-ਬੀਆਬਾਣ, ਭੂਤ-ਪ੍ਰੇਤ ਦੀ ਕਲਪਨਾ ਸ਼ਮਸ਼ਾਨ-ਭੂਮੀ ਅਤੇ ਦੁਸ਼ਮਣਾਂ ਦਾ ਖ਼ਿਆਲ ਆਦਿ ਭਿਆਨਕ ਰਸ ਦੇ ਕਾਰਨ ਹਨ। ਇਹਨਾਂ ਕਾਰਨਾਂ ਕਰ ਕੇ ਭੈਭੀਤ ਬੰਦੇ ਨੂੰ ਰੋਮਾਂਚ, ਕੰਬਣੀ, ਮੁੜ੍ਹਕਾ-ਪਸੀਨਾ, ਰੰਗੋਂ ਬੇਰੰਗ ਹੋਣਾ, ਰੋਣਾ ਤੇ ਸ਼ੋਰ ਮਚਾਉਣਾ, ਬੁੱਲ੍ਹਾਂ ਦਾ ਫੜਕਣਾ ਆਦਿ ਕਾਰਜ ਪ੍ਰਭਾਵਿਤ ਕਰਦੇ ਹਨ। ਕਵੀ/ਨਾਟਕਕਾਰ ਦੀਆਂ ਰਚਨਾਵਾਂ ਵਿੱਚ ਜਦ ਅਜਿਹੀ ਰਸ-ਸਮਗਰੀ ਦਰਸ਼ਕਾਂ/ਸਰੋਤਿਆਂ ਦੇ ਸਾਹਮਣੇ ਪੇਸ਼ ਹੁੰਦੀ ਹੈ ਤਾਂ ਇਸ ਡਰਾਉਣੇ ਵਾਯੂ-ਮੰਡਲ ਦੇ ਅਹਿਸਾਸ ਕਰ ਕੇ ਉਹਨਾਂ ਦੇ ਮਨ-ਚਿੱਤ ਵਿੱਚ ਭਿਆਨਕ ਰਸ ਦਾ ਸੁਹਜ-ਸੁਆਦ ਪਸਰ ਜਾਂਦਾ ਹੈ।

ਪੰਜਾਬ ਦੇ ਧਾਰਮਿਕ ਸਮਾਗਮਾਂ ਵਿੱਚ ਇਹ ਲੋਕ ਧਾਰਨਾ ਬਹੁਤ ਮਸ਼ਹੂਰ ਹੈ ਕਿ--"ਅੱਗੇ ਭੀੜੀਆਂ ਸੁਣੀਂਦੀਆਂ ਗਲ਼ੀਆਂ ਜਿੱਥੋਂ ਦੀ ਜਮ ਲੈ ਜਾਣਗੇ" ਤੇ "ਜਦੋਂ ਪੁੱਠਾ ਲਟਕਦਾ ਸੀ ਉਹ ਦਿਨ ਭੁੱਲ ਗਏ ਉਹ ਦਿਨ ਭੁੱਲ ਗਏ।" ਸ਼ਬਦਾਂ ਦੀ ਇਹ ਧਾਰਨਾ ਭਿਆਨਕ ਰਸ ਦਾ ਅਹਿਸਾਸ ਉਜਾਗਰ ਕਰਦੀ ਹੈ। ਕਬੀਰ-ਬਾਣੀ ਵਿੱਚ ਪਾਪੀ ਮਨੁੱਖ ਦੇ ਬਲ਼ਦ ਦੀ ਜੂਨ ਵਿੱਚ ਪੈ ਜਾਣ ਦਾ ਭੈਦਾਇਕ ਚਿੱਤਰ ਪੇਸ਼ ਕੀਤਾ ਗਿਆ ਹੈ :

"ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈ ਹੈ।
ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈ ਹੈ।

ਹਰਿ ਬਿਨੁ ਬੈਲ ਬਿਰਾਨੇ ਹੁਈ ਹੈ
ਫਾਟੇ ਨਾਕਨ, ਟੂਟੇ ਕਾਧਨ, ਕੋਦਉ ਕੋ ਭੁਸੁ ਖਈ ਹੈ"। [ਪੰਨਾ 524]

ਅਰਥਾਤ ਤੇਰੇ ਚਾਰ ਪੈਰ, ਦੋ ਸਿੰਗ ਹੋਣਗੇ ਅਤੇ ਬੇਜ਼ਬਾਨ ਹੋਏਂਗਾ .... ਉੱਠਦੇ ਬਹਿੰਦੇ ਸੋਟਾ ਵਜੇਗਾ ਤਾਂ ਕਿੱਥੇ ਸਿਰ [ਮੂਡ] ਲੁਕਾਵੇਂਗਾ ... ਨੱਕ ਪਾਟਾ ਹੋਵੇਗਾ, ਮੋਢੇ ਜ਼ਖ਼ਮੀ ਹੋਣਗੇ, ਅਤੇ ਕੋਧਰੇ ਦਾ ਨਿਖਿੱਧ ਭੂਸਾ [ਤੂੜੀ] ਖਾਣ ਨੂੰ ਮਿਲ਼ੇਗਾ।

ਹੋਰ ਉਦਾਹਰਨ

ਦੋਹੀਂ ਦਲੀਂ ਮੁਕਾਬਲੇ ਰਣ ਸੂਰੇ ਗੜਕਣ,
ਚੜ ਤੋਪਾਂ ਗਡੀ ਢੁੱਕੀਆਂ ਲੱਖ ਸੰਗਲ ਖੜਕਣ,
ਉਹ ਦਾਰੂ ਖਾਂਦੀਆਂ ਕੋਹਲੀਆਂ ਮਣ ਗੋਲੇ ਰੜਕਣ,
ਉਹ ਦਾਗ ਪਲੀਤੇ ਛੱਡੀਆਂ ਵਾਂਗ ਬੱਦਲ ਕੜਕਣ,
ਜਿਉਂ ਦਰ ਖੁਲੇ ਦੋਜ਼ਖਾਂ ਮੂੰਹ ਭਾਹੀਂ ਭੜਕਣ,
ਜਿਉਂ ਝਾਂਬੇ ਮਾਰੇ ਪੰਖਣੂੰ ਵਿੱਚ ਬਾਗਾਂ ਫੜਕਣ,
ਝੜੇ ਤਰੁੱਟੇ ਹੰਭਲਾਂ ਵਾਂਗ ਮੱਛਾਂ ਤੜਫਣ,
ਜਿਉਂ ਝੱਲੀਂ ਅੱਗਾਂ ਲਗੀਆਂ ਰਣਸੂਰੇ ਤੜਕਣ,
ਉਹ ਹਸ਼ਰ, ਦਿਹਾੜਾ ਵੇਖ ਕੇ ਦਲ ਦੋਵੇਂ ਧੜਕਣ।

(ਵਾਰ ਨਾਦਰਸ਼ਾਹ)

ਬੀਭਤਸ ਰਸ :-

ਘ੍ਰਿਣਾ ਜਾਂ ਸੂਗ 'ਤੇ ਅਧਾਰਿਤ ਬੀਭਤਸ ਰਸ ਇਸ ਹਕੀਕਤ ਦੀ ਯੋਗ ਮਿਸਾਲ ਹੈ ਕਿ ਆਮ ਦੁਨਿਆਵੀ ਜੀਵਨ ਵਿੱਚ ਸਰੀਰਿਕ ਪੱਧਰ 'ਤੇ ਜੋ ਕੁਝ ਵੀ ਘ੍ਰਿਣਤ ਤੇ ਸੂਗ-ਉਪਜਾਊ ਵਸਤੂਆਂ ਤੇ ਨਜ਼ਾਰੇ ਹਨ ਉਹ ਸਾਰੇ ਸੁਹਜ-ਕਲਾ ਦੇ ਸੰਸਾਰ ਵਿੱਚ ਕਵੀ, ਨਾਟਕਕਾਰ ਤੇ ਸਾਹਿਤਕਾਰ ਦੇ ਹੱਥੋਂ ਮਨੋਭਾਵਾਂ ਦੇ ਵਾਯੂ-ਮੰਡਲ ਵਿੱਚ ਦਾਖ਼ਲ ਹੋ ਕੇ ਸੁਹਜਾਤਮਿਕ ਸੁਆਦ ਦੇ ਵਸੀਲੇ ਬਣ ਜਾਂਦੇ ਹਨ। ਬੀਭਤਸ ਰਸ [ਇਸ ਦਾ ਉਚਾਰਨ ਬੀ-ਭਤਸ ਹੈ] ਦਾ ਸਥਾਈ ਭਾਵ ਸੂਗ ਜਾਂ ਘ੍ਰਿਣਾ ਹੈ। ਮ੍ਰਿਤਕ ਲੋਥ, ਚਰਬੀ, ਸੜਾਂਦ, ਹਵਾਂੜ , ਮਲਮੂਤਰ, ਹੱਡਾਂ-ਰੋੜੀ,

ਘਿਨੌਣੀਆਂ ਚੀਜ਼ਾਂ ਅਤੇ ਘ੍ਰਿਣਾ-ਜਨਕ ਕੁਕਰਮਾਂ ਦੇ ਕਾਵਿਗਤ ਵਰਨਣ ਜਾਂ ਨਾਟਕੀ ਪੇਸ਼ਕਾਰੀ ਤੋਂ ਪਾਠਕਾਂ/ਦਰਸ਼ਕਾਂ ਦੇ ਹਿਰਦੇ ਵਿੱਚ ਜਿਹੜੀ ਕਚਿਆਣ ਤੇ ਗਿਲਾਨੀ ਪੈਦਾ ਹੁੰਦੀ ਹੈ ਉਹਨਾਂ ਤੋਂ ਸੂਗ ਤੇ ਘ੍ਰਿਣਾ ਦਾ ਸਥਾਈ ਭਾਵ ਉੱਭਰਦਾ ਹੈ।

ਕਈਆਂ ਆਲੋਚਕਾਂ ਨੂੰ ਬੀਭਤਸ ਰਸ ਪ੍ਰਵਾਨ ਨਹੀਂ ਹੈ ਕਿਉਂਕਿ ਕੋਈ ਰਚਨਾ ਬੀਭਤਸ ਨੂੰ ਪ੍ਰਮੁੱਖ ਵਿਸ਼ੇ ਬਣਾ ਕੇ ਲਿਖੀ ਹੋਈ ਨਹੀਂ ਮਿਲ਼ਦੀ। ਪਰ ਕਈ ਵਿਦਵਾਨ ਬੀਭਤਸ ਰਸ ਦੇ ਪੱਖਪਾਤੀ ਹਨ ਕਿਉਂਕਿ ਸਮਾਜ, ਸਿਆਸਤ, ਜੀਵਨ, ਵਿਅਕਤੀ, ਤੇ ਹੋਰ ਮਨੁੱਖੀ ਸੰਸਥਾਵਾਂ ਵਿੱਚ ਫੈਲੇ ਹੋਏ ਸਰੀਰਿਕ ਤੇ ਮਾਨਸਿਕ ਦੁਰਾਚਾਰ ਤੇ ਭ੍ਰਿਸ਼ਟਾਚਾਰ ਦੇ ਸ਼ੁੱਧੀਕਰਨ ਲਈ ਘ੍ਰਿਣਾ-ਭਾਵ ਦੀ ਸਖ਼ਤ ਲੋੜ ਹੈ। ਫ਼ਲਸਰੂਪ ਇਸ ਰਾਹੀਂ ਲੁਕੇ ਹੋਏ ਕੋੜ ਦਾ ਗਿਆਨ ਹੁੰਦਾ ਹੈ ਅਤੇ ਪਾਠਕ-ਲੋਕ ਦੁਸ਼ਟਤਾ, ਬੇਇਨਸਾਫ਼ੀ, ਅਨਿਆਏ, ਵੱਢੀਖੋਰੀ ਤੇ ਹੋਰ ਬੁਰਾਈਆਂ ਤੋਂ ਘ੍ਰਿਣਾ ਕਰਨ ਲੱਗ ਪੈਂਦੇ ਹਨ ਅਤੇ ਦੁਰਾਚਾਰਾਂ ਤੋਂ ਮੂੰਹ ਮੋੜਨ ਲਈ ਤਤਪਰ ਹੁੰਦੇ ਹਨ। ਨਾਲ਼ੇ ਘ੍ਰਿਣਾ ਸਿਰਫ਼ ਸਰੀਰਿਕ ਜਾਂ ਭੌਤਿਕ ਹੀ ਨਹੀਂ ਹੁੰਦੀ, ਮਾਨਸਿਕ ਘ੍ਰਿਣਾ ਵੀ ਹੁੰਦੀ ਹੈ। ਸਰੀਰਿਕ ਨਾਲ਼ੋਂ ਮਾਨਸਿਕ ਘ੍ਰਿਣਾ ਵਧੇਰੇ ਪ੍ਰਬਲ ਹੁੰਦੀ ਹੈ। ਰੱਤ-ਲਹੂ ਅਤੇ ਮਾਸ-ਮਿਝ ਦੀ ਸਿੱਧੀ ਬਿਆਨਬਾਜ਼ੀ ਹੀ ਬੀਭਤਸ ਰਸ ਦੀ ਇੱਕੋ-ਇੱਕ ਸਮਗਰੀ ਨਹੀਂ ਹੈ ਸਗੋਂ ਬਿਭਚਾਰ, ਦੁਰਾਚਾਰ ਤੇ ਭ੍ਰਿਸ਼ਟਾਚਾਰ ਵਾਲ਼ੀਆਂ ਵਸਤੂਆਂ ਤੇ ਘਟਨਾਵਾਂ ਦੀ ਕੋਰੀ ਕਲਪਨਾ ਵੀ ਬੀਭਤਸ ਰਸ ਦਾ ਸੰਚਾਰ ਕਰ ਸਕਦੀ ਹੈ।

ਪੰਜਾਬੀ ਸਾਹਿਤ ਵਿੱਚ ਕਰਤਾਰ ਸਿੰਘ ਦੁੱਗਲ ਦਾ ਨਾਵਲ "ਆਂਦਰਾ" ਬੀਭਤਸ ਰਸ ਦੀ ਉਦਾਹਰਨ ਹੈ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਕੀੜੇ' ਵਿੱਚ ਵੀ ਬੀਭਤਸ ਰਸ ਪ੍ਰਬਲ ਹੈ :-

ਜਗਦੀ ਜੋਤ ਸੀ ਤਾਂ ਚਹੁੰ ਪਾਸੀਂ ਸੀ ਭੰਬਟ
ਅੱਜ ਮੁਰਦਾ ਮਾਸ ਏ, ਤਾਂ ਚਹੁੰ ਪਾਸੀਂ ਕੀੜਿਆਂ ਦਾ ਝੁਰਮਟ
ਜਦ ਛਲਕ ਆਏ ਜੋਬਨ ਤੇ ਟੁੱਟ ਜਾਣ ਬੀੜੇ
ਕਿਸੇ ਚਿੱਟੇ ਲਹੂ ਨੂੰ ਕਿਸੇ ਰੱਤੇ ਲਹੂ ਨੂੰ, ਚਮੁੱਟ ਜਾਣ ਕੀੜੇ।
ਇਹ ਲਹੂਆਂ ਨੂੰ ਘੋਲ਼ਦੇ ਤੇ ਮਿੱਟੀ ਨੂੰ ਘਚੋਲ਼ਦੇ
ਹੱਥਾਂ ਵਿੱਚ ਰੋਲ਼ਦੇ, ਪੈਰਾਂ ਵਿੱਚ ਰੋਲ਼ਦੇ।
ਚੁੰਝਾਂ ਨਾਲ਼ ਫੋਲਦੇ, ਨਹੁੰਆਂ 'ਚ ਫਰੋਲ਼ਦੇ

ਅੰਗਾਂ ਵਿੱਚ ਪਾਲ਼ਦੇ, ਮੂੰਹਾਂ ਵਿੱਚ ਪਪੋਲ਼ਦੇ।
ਛੋੜਦੇ ਨਹੀਂ ਛੋੜਦੇ, ਰੱਤਾਂ ਨੂੰ ਨਚੋੜਦੇ।

ਬੀਭਤਸ ਰਸ ਦਾ ਹੋਰ ਉਦਾਹਰਨ

"ਜਿੱਧਰ ਨਜ਼ਰ ਜਾਵੇ ਤਬਾਹੀ ਮੱਚੀ, ਕਹਾਣੀ ਰਹੀ ਹੋ ਲਹੂ ਮਿਝ ਦੀ,
ਕਿਤੇ ਮਗ਼ਜ਼ ਖੋਪੜ ਵਿੱਚੋਂ ਵਹਿ ਰਹਿਆ, ਗਇਆ ਟੁੱਟ ਮਟਕਾ ਦਹੀਂ ਹੈ ਵਹਿਆ,
ਕਿਤੇ ਧੌਣ ਵਿੱਚੋਂ ਫੁਹਾਰਾ ਫੁਟੇ, ਕਿਤੇ ਮਗ਼ਜ਼ ਦੀ ਖੋਪਰੀ ਪਈ ਟੁੱਟੇ,
ਅਕਾਲੀ ਹੈ ਸਿੰਘ ਨਾਦ ਕਰ ਗਰਜਿਆ, ਪਠਾਣਾਂ ਦਾ ਦਲ ਦਹਿਲ ਕੇ ਲਰਜ਼ਿਆ।
(ਮਹਾਂਬਲੀ ਕ੍ਰਿਤ-ਅਵਤਾਰ ਸਿੰਘ ਆਜ਼ਾਦ)

ਅਦਭੁਤ ਰਸ :-

ਹੈਰਾਨੀ-ਜਨਕ ਗੱਲਾਂ-ਬਾਤਾਂ ਅਨੋਖੀਆਂ ਕਥਾ-ਕਹਾਣੀਆਂ, ਵਿਚਿੱਤਰ ਘਟਨਾਵਾਂ ਅਤੇ ਚਕਾਚੌਂਧ ਪੈਦਾ ਕਰਦੇ ਨਜ਼ਾਰਿਆਂ ਨੂੰ ਪੜ੍ਹਨ ਜਾਂ ਸੁਣਨ ਕਰ ਕੇ ਪਾਠਕ/ਦਰਸ਼ਕ ਦੇ ਮਨ ਵਿੱਚ ਜਦੋਂ "ਅਸਚਰਜ" ਭਾਵ ਪ੍ਰਬਲ ਹੁੰਦਾ ਹੈ ਉਦੋਂ ਅਦਭੁਤ ਰਸ ਦਾ ਅਨੁਭਵ ਹੁੰਦਾ ਹੈ। ਅਦਭੁਤ ਦੇ ਅਨੁਭਵ ਨਾਲ਼ ਪਾਠਕ ਹੱਕੇ-ਬੱਕੇ ਹੋ ਕੇ ਰੋਮਾਂਚਿਤ ਹੁੰਦੇ ਹਨ ਅਤੇ ਅੱਖਾਂ ਪਾੜ-ਪਾੜ ਵੇਖਦੇ ਹੋਏ ਵਾਹ-ਵਾਹ ਪੁਕਾਰ ਉੱਠਦੇ ਹਨ। ਅਦਭੁਤ ਰਸ ਦਾ ਸਥਾਈ-ਭਾਵ "ਅਸਚਰਜ" ਹੈ, ਇਸ ਨੂੰ ਵਿਸਮੈ ਵੀ ਕਿਹਾ ਗਿਆ ਹੈ। ਗੁਰਬਾਣੀ ਵਿੱਚ ਇਹੋ ਵਿਸਮਾਦ ਹੈ। ਆਚਾਰੀਆ ਵਿਸ਼ਵਨਾਥ ਨੇ ਲਿਖਿਆ ਹੈ ਕਿ ਆਮ ਰਵਾਇਤੀ ਕਿਸਮ ਦੀਆਂ ਰੂੜ੍ਹੀਆਂ ਤੇ ਰਵਾਇਤਾਂ ਨੂੰ ਛੱਡ ਕੇ ਜਦ ਚੀਜ਼ਾਂ, ਵਸਤੂਆਂ ਤੇ ਘਟਨਾਵਾਂ ਵਿੱਚ ਅਨੋਖਾਪਨ ਤੇ ਅਚੰਭਾ ਪੈਦਾ ਹੁੰਦਾ ਹੈ ਉਸ ਨਾਲ਼ ਚਿੱਤ ਖਿੜਦਾ ਹੈ ਤੇ ਵਿਸਮਾਦ ਵਿੱਚ ਆਉਂਦਾ ਹੈ। ਇਹੋ ਹੀ ਅਸਚਰਜ-ਭਾਵ ਹੈ।

ਇਸ ਅਸਚਰਜ-ਭਾਵ ਵਿੱਚ ਚਮਤਕਾਰ ਦੇ ਅੰਸ਼ ਜੁੜੇ ਰਹਿੰਦੇ ਹਨ। ਚਮਤਕਾਰ ਦੇ ਕਾਰਨ ਹੀ ਕਾਵਿ-ਸਾਹਿਤ ਵਿੱਚ ਰੋਚਕਤਾ ਪੈਦਾ ਹੁੰਦੀ ਹੈ। ਇਉਂ ਚਮਤਕਾਰ ਤੇ ਅਸਚਰਜ ਹੀ ਕਾਵਿ ਦੀ ਆਤਮਾ ਹੈ।

ਸਾਹਿਤ ਵਿੱਚ ਅਦਭੁਤ ਰਸ ਦੀ ਕਈ ਤਰ੍ਹਾਂ ਨਾਲ਼ ਵਿਅੰਜਨਾ ਹੋਈ ਹੈ। ਕਬੀਰ ਦੇ ਉਲਟ ਬਾਂਸੀਆਂ ਵਾਲ਼ੇ ਪਦੇ ਅਦਭੁਤ ਰਸ-ਪ੍ਰਧਾਨ ਹਨ। ਕਬੀਰ ਦਾ

ਸ਼ਲੋਕ ਹੈ " ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ ਲਾਵੈ ਆਗਿ। ਪਾਂਚਉ ਲਰਿਕਾ ਜਾਰਿਕੈ ਰਹੈ ਰਾਮ ਲਿਵ ਲਾਗਿ[42]" ਕਬੀਰ ਦਾ ਇਹ ਵਿਰੋਧਾਭਾਸ ਵਾਲ਼ਾ ਪਦ ਹੈ। ਕੌਣ ਐਸਾ ਹੈ ਜੋ ਆਪਣੇ ਘਰ ਅੱਗ ਲਾਵੇ ਤੇ ਪੰਜ ਬੇਟੇ [ਲੜਕੇ]ਕੁਰਬਾਨ ਕਰੇ ਤੇ ਫੇਰ ਰਾਮ-ਨਾਮ ਨਾਲ਼ ਲਿਵ ਲਾਏ। ਪੰਜ ਲੜਕੇ ਪੰਜ ਵਿਕਾਰ-ਕਾਮ, ਕ੍ਰੋਧ, ਲੋਭ, ਮੋਹ,ਅਹੰਕਾਰ ਹੀ ਹਨ। ਕਬੀਰ-ਬਾਣੀ ਵਿੱਚੋਂ ਇੱਕ ਹੋਰ ਵੰਨਗੀ ਵੇਖੋ-

ਕਬੀਰ ਪਰਦੇਸੀ ਕੈ ਘਾਘਰੈ ਚਹੁਦਿਸਿ ਲਾਗੀ ਆਗਿ।
ਖਿੰਥਾ ਜਲਿ ਕੁਇਲਾ, ਭਈ ਤਾਗੇ ਆਂਚ ਨ ਲਾਗ। [ਸਲੋਕ 47, ਪੰਨਾ 1366]

ਅਰਥਾਤ ਪਰਦੇਸੀ ਜੀਵ ਪ੍ਰਾਹੁਣਾ ਹੈ, ਉਸ ਦੇ ਸਰੀਰ-ਰੂਪੀ ਘੱਗਰੇ ਨੂੰ ਅੱਗ ਲੱਗ ਗਈ ਹੈ, ਗੋਦੜੀ-ਰੂਪੀ ਸਰੀਰ ਸੜ ਗਿਆ, ਪਰ ਆਤਮਾ [ਤਾਗਾ] ਨੂੰ ਸੇਕ ਨਹੀਂ ਲੱਗਾ। ਇਹ ਸ਼ਲੋਕ ਅਸਚਰਜਕਾਰੀ ਕਥਨ ਹੈ, ਇਸ ਲਈ ਅਦਭੁਤ ਰਸ ਦੀ ਵੰਨਗੀ ਹੈ। ਗੁਰੂ ਨਾਨਕ ਦੇਵ ਜੀ ਜਦ "ਵਿਸਮਾਦੁ ਨਾਦ, ਵਿਸਮਾਦੁ ਵੇਦ, ਵਿਸਮਾਦੁ ਜੀਅ, ਵਿਸਮਾਦੁ ਭੇਦ" ਉਚਾਰਦੇ ਹਨ ਤਾਂ ਇਸ ਵਿੱਚ ਵੀ ਅਦਭੁਤ ਦੀ ਰਸ-ਵਿਅੰਜਨਾ ਹੈ। ਗੁਰੂ ਜੀ ਉਸ ਅਸਚਰਜ-ਮਈ ਕੁਦਰਤ ਨੂੰ ਹੈਰਾਨੀ-ਨਾਲ਼ ਵੇਖਦੇ ਹਨ ਕਿਉਂਕਿ ਏਥੇ ਨੇੜੇ-ਦੂਰ, ਸੰਜੋਗ-ਵਿਜੋਗ, ਭੁੱਖ-ਰੋਗ ਆਦਿ ਵਿਰੋਧੀ-ਜੋੜਿਆਂ ਦਾ ਹੈਰਾਨੀ ਭਰਪੂਰ ਵਰਨਣ ਕੀਤਾ ਗਿਆ ਹੈ। ਨਾਨਕ-ਬਾਣੀ ਇਹ ਹੈ-

ਅਦਭੁਤ ਰਸ ਦਾ ਹੋਰ ਉਦਾਹਰਨ :

"ਵਿਸਮਾਦੁ ਨਾਦ, ਵਿਸਮਾਦੁ ਵੇਦ। ਵਿਸਮਾਦੁ ਜੀਅ ਵਿਸਮਾਦੁ ਭੇਦ।
ਵਿਸਮਾਦੁ ਰੂਪ ਵਿਸਮਾਦੁ ਰੰਗ। ਵਿਸਮਾਦੁ ਨਾਗੇ ਫਿਰਹਿ ਜੰਤ।
ਵਿਸਮਾਦੁ ਪਉਣੁ ਵਿਸਮਾਦੁ ਪਾਣੀ। ਵਿਸਮਾਦੁ ਅਗਨੀ ਖੇਡਹਿ ਵਿਡਾਣੀ।
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ। ਵਿਸਮਾਦੁ ਭੁਖ ਵਿਸਮਾਦੁ ਭੋਗੁ।"

[ਪੰਨਾ 463]

ਸ਼ਾਂਤ ਰਸ :-

ਰਸ ਸਿਧਾਂਤ ਦੇ ਬਾਨੀ ਆਚਾਰੀਆ ਭਰਤਮੁਨੀ ਨੇ "ਸ਼ਾਂਤ ਰਸ" ਨੂੰ ਰਸਾਂ ਦੀ ਲੜੀ ਵਿੱਚ ਨਹੀਂ ਗਿਣਿਆ ਸੀ ਪਰ ਮਗਰਲੇ ਆਚਾਰੀਆ ਵਿਸ਼ਵਨਾਥ ਜਿਹੇ ਆਲੋਚਕਾਂ ਨੇ ਸ਼ਾਂਤ ਰਸ ਨੂੰ ਪੂਰੀ ਤਰ੍ਹਾਂ ਮਾਨਤਾ ਪ੍ਰਦਾਨ ਕੀਤੀ ਹੈ।

ਸ਼ਾਂਤ ਰਸ ਦਾ ਸਥਾਈ ਭਾਵ ਵੈਰਾਗ ਹੈ, ਜਿਸ ਤੋਂ ਸ਼ਾਂਤੀ ਪ੍ਰਾਪਤ ਹੁੰਦੀ ਹੈ ਅਤੇ ਸ਼ਾਂਤ ਰਸ ਅਭਿਵਿਅਕਤ ਹੁੰਦਾ ਹੈ। ਵੈਰਾਗ ਕੀ ਹੈ? ਇਹ ਕਿਵੇਂ ਉਤਪੰਨ ਹੁੰਦਾ ਹੈ? ਹੁਣ ਇਸ ਦਾ ਉਲੇਖ ਕੀਤਾ ਜਾਂਦਾ ਹੈ। ਸਭ ਤੋਂ ਪਹਿਲਾਂ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਰਹੱਸਮਈ ਜਗਤ ਅਤੇ ਇਸ ਦੇ ਪਸਾਰੇ ਬਾਰੇ ਕਈ ਤਰ੍ਹਾਂ ਦੇ ਪ੍ਰਸ਼ਨ ਪੈਦਾ ਹੁੰਦੇ ਹਨ ਅਤੇ ਇਹ ਪ੍ਰਸ਼ਨ ਸੁਤੇ-ਸਿੱਧ ਹੁੰਦੇ ਰਹਿੰਦੇ ਹਨ।

ਸੰਸਾਰ ਕੀ ਹੈ? ਜੀਵਨ ਕੀ ਹੈ? ਮਨੁੱਖੀ ਸਰੀਰ ਕੀ ਹੈ? ਮੈਂ ਕੀ ਹਾਂ? ਏਥੇ ਸਾਡਾ ਕੀ ਕੰਮ ਹੈ? ਮੌਤ ਕੀ ਹੈ? ਮਰ ਕੇ ਕਿੱਥੇ ਜਾਣਾ ਹੈ? ਇਹ ਕੌਣ ਹੈ ਜੋ ਇਸ ਪ੍ਰਪੰਚ-ਪਸਾਰੇ ਦਾ ਸੰਚਾਲਨ ਕਰਦਾ ਹੈ? ਅਜਿਹੇ ਪ੍ਰਸ਼ਨਾਂ ਦੇ ਉੱਤਰ ਭਾਲ਼ਦਾ ਭਾਲ਼ਦਾ ਸੰਵੇਦਨਸ਼ੀਲ ਮਨੁੱਖ ਪ੍ਰਸ਼ਨਾਂ ਦੀ ਭੀੜ ਵਿੱਚ ਗੁਆਚ ਜਾਂਦਾ ਹੈ। ਪਰ, ਉੱਤਰ ਲਾਪਤਾ ਹੈ। ਉਸ ਦੀ ਤਲਾਸ਼ ਜਾਰੀ ਹੈ। ਇਸ ਭਾਲ਼ ਵਿੱਚ ਮਨੁੱਖ ਨੂੰ ਜਦੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਹ ਸਾਰਾ ਪ੍ਰਪੰਚ- "ਸੰਸਾਰ, ਜੀਵਨ, ਮੈਂ, ਤੂੰ, ਪਿੰਡ, ਬ੍ਰਹਿਮੰਡ"- ਇੱਕ ਦਿਨ ਲੋਪ ਹੋ ਜਾਣਾ ਹੈ ਤਾਂ ਉਸ ਦੇ ਦਿਲ ਵਿੱਚ ਇਸ ਨਾਸ਼ਮਾਨ ਸੰਸਾਰ ਵੱਲੋਂ ਵੈਰਾਗ ਉਪਜਦਾ ਹੈ। ਸੰਸਾਰ ਨਾਲ਼ ਬੱਝਣਾ ਰਾਗ ਹੈ, ਸੰਸਾਰ ਤੋਂ ਉਤਾਂਹ ਉੱਠਣਾ ਵੈਰਾਗ ਹੈ। ਇਹ ਸਾਰਾ ਜਗਤ-ਪਸਾਰਾ ਚਲਨਸ਼ੀਲ ਹੈ, ਵੇਖ਼ਦਿਆਂ ਵੇਖ਼ਦਿਆਂ ਫਰੀਦ ਦੇ ਸ਼ਬਦਾਂ ਵਿੱਚ "ਕੇਤੀ ਚਲ ਗਈ ਹੈ" ਇਹ ਪਤਾ ਨਹੀਂ ਚੱਲਦਾ। ਬਸ ਇਹ ਬੋਧ-ਪ੍ਰਬੋਧ ਹੀ ਜਾਂ ਇਹ ਤੱਤ-ਗਿਆਨ ਹੀ ਵੈਰਾਗ ਦਾ ਕਾਰਨ ਹੈ। ਸ਼ਹਿਦ ਦੇ ਸੁਆਦ ਵਿੱਚ ਫਸੀ ਹੋਈ ਮੱਖੀ ਵਾਂਗੂ, ਬੰਦਾ ਫਸਿਆ ਬੈਠਾ ਹੈ, ਉਹ ਬੰਧਨ-ਮੁਕਤ ਹੋ ਕੇ ਵੈਰਾਗ ਦੀ ਭਾਵਨਾ ਵਿੱਚ ਸ਼ਾਂਤ-ਚਿੱਤ ਤੁਰਿਆ ਜਾ ਰਿਹਾ ਹੈ। ਇਸ ਤਰ੍ਹਾਂ ਦੀ ਸੋਚ-ਬਿਰਤੀ ਵੈਰਾਗ ਦੀ ਪ੍ਰੇਰਨਾ ਹੈ ਤੇ ਕਾਰਨ-ਸਮਗਰੀ ਹੈ, ਜਿਹੜੀ ਪ੍ਰਬਲ ਹੋ ਕੇ ਸ਼ਾਂਤ ਰਸ ਨੂੰ ਜਾਗ੍ਰਿਤ ਕਰਦੀ ਹੈ।

ਵਿਚਾਰਸ਼ੀਲ ਕਵੀਜਨਾਂ ਤੇ ਅਨੁਭਵੀ ਸੰਤਜਨਾਂ ਦੇ ਬੋਲਾਂ ਵਿੱਚ ਸ਼ਾਂਤ-ਰਸ ਦੀਆਂ ਤਰੰਗਾਂ ਉੱਠਦੀਆਂ ਹਨ। ਕਿਤੇ ਕੁਦਰਤ ਦੇ ਅਦਭੁਤ ਸ਼ਾਂਤ ਨਜ਼ਾਰੇ ਦਿਲਾਂ ਨੂੰ ਧੂਹ ਪਾਉਂਦੇ ਹਨ, ਕਿਤੇ ਝਰਨੇ ਸੰਗੀਤ ਅਲਾਪ ਰਹੇ ਹਨ, ਕਿਤੇ ਬਨਸਪਤੀ ਦੀ ਹਰਿਆਲੀ ਅੱਖਾਂ ਨੂੰ ਠੰਢਕ ਤੇ ਦਿਲਾਂ ਨੂੰ ਸ਼ਾਂਤੀ ਬਖ਼ਸ਼ ਰਹੀ ਹੈ। ਸੰਵੇਦਨਸ਼ੀਲ ਮਨੁੱਖ ਇਹਨਾਂ ਦ੍ਰਿਸ਼ਾਂ ਤੋਂ ਸ਼ਾਂਤੀ, ਚੈਨ, ਵੈਰਾਗ, ਅਗੰਮੀ ਸੁਨੇਹਾ ਲੱਭ ਰਿਹਾ ਹੈ। ਇਹ ਸਾਰੇ ਅਨੋਖੇ ਦ੍ਰਿਸ਼ ਸ਼ਾਂਤ ਰਸ ਦੀ ਭੂਮਿਕਾ ਹਨ।

ਕੁਦਰਤ ਦੇ ਅਜਿਹੇ ਵਿਸਮਾਦਕ ਦ੍ਰਿਸ਼ਾਂ ਦਾ ਵਰਨਣ ਸ਼ਾਂਤ ਰਸ ਕਾਵਿ-ਬਾਣੀ ਵਿੱਚ ਆਮ ਮਿਲ਼ਦਾ ਹੈ। ਆਧੁਨਿਕ ਪੰਜਾਬੀ ਸਾਹਿਤ ਵਿੱਚ ਭਾਈ ਵੀਰ ਸਿੰਘ, ਪੂਰਨ ਸਿੰਘ, ਪ੍ਰੀਤਮ ਸਿੰਘ ਸਫ਼ੀਰ, ਡਾ. ਜਸਵੰਤ ਸਿੰਘ ਨੇਕੀ ਦੀਆਂ ਕਵਿਤਾਵਾਂ ਵਿੱਚ ਸ਼ਾਂਤ ਰਸ ਦੀਆਂ ਵੰਨਗੀਆਂ ਉਪਲਬਧ ਹਨ। ਭਾਈ ਵੀਰ ਸਿੰਘ ਦਾ ਕਾਵਿ-ਬੰਦ ਹੈ :--

"ਵੈਰੀ ਨਾਗ, ਤੇਰਾ ਪਹਿਲਾ ਝਲਕਾ ਜਦ ਅੱਖੀਆਂ ਵਿੱਚ ਵਜਦਾ।
ਕੁਦਰਤ ਦੇ ਕਾਦਰ ਦਾ ਜਲਵਾ ਲੈ ਲੈਂਦਾ ਇੱਕ ਸਿਜਦਾ।"

ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿੱਚ ਰਹੱਸਮਈ ਸੁਰ ਸ਼ਾਂਤ ਰਸ ਦੀ ਪਿੱਠ ਭੂਮੀ 'ਤੇ ਹੀ ਗੂੰਜਿਆ ਹੈ। ਗੁਰੂ ਨਾਨਕ-ਬਾਣੀ ਵਿੱਚ ਸ਼ਾਂਤ ਰਸ ਦਾ ਉਦਾਹਰਨ ਵੇਖੋ--

ਉਦਾਹਰਨ

"ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵਹਿ ਜੰਜਾਲੇ ਰਾਮ।
ਸਾਚਾ ਸਾਹਿਬੁ ਮਨਿ ਵਸੈ ਕੀ ਫਾਸਹਿ ਜਮ ਜਾਲੈ ਰਾਮ।
ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ ਪਾਇਆ।
ਸੰਸਾਰੁ ਮਾਇਆ ਮੋਹੁ ਮੀਠਾ ਅੰਤਿ ਭਰਮੁ ਚੁਕਾਇਆ।
ਭਗਤਿ ਕਰਿ ਚਿਤੁ ਲਾਇ ਹਰਿ ਸਿਉ ਛੋਡਿ ਮਨਹੁ ਅੰਦੇਸਿਆ।
ਸਚੁ ਕਹੈ ਨਾਨਕੁ ਚੇਤਿ ਰੇ ਮਨ ਜੀਅੜਿਆ ਪਰਦੇਸੀਆ।"

[ਗੁਰੂ ਨਾਨਕ, ਆਸਾ ਛੰਤ, ਪੰਨਾ 439]

ਔਖੇ ਸ਼ਬਦਾਂ ਦੇ ਅਰਥ:

ਭੇੜੋ- ਭੇਡਾਂ। **ਤੈਂ**- ਤੈਨੂੰ। **ਰੁਦਨ**- ਰੋਣਾ। **ਤਦਰੂਪ**- ਉਹੋ ਜਿਹਾ ਰੂਪ। **ਉਤੇਜਿਤ**-ਉਭਾਰਨਾ, ਉਤਸ਼ਾਹ ਦੇਣਾ। **ਰੂਪਾਂਤਰ**- ਹੋਰ ਰੂਪ, ਬਦਲਨਾ। **ਸੂਹੀ ਲਾਂਗੜ**- ਲਾਲ ਰੰਗ ਦੀ ਧੋਤੀ। **ਮਿਟਿਆਲੀ**- ਮਿੱਟੀ ਰੰਗਾ। **ਉੱਜਲ**- ਨਿਰਮਲ, ਸਾਫ਼। **ਨਸ਼ਤਰ**- ਚੀਰ-ਫਾੜ ਕਰਨ ਵਾਲ਼ਾ ਔਜ਼ਾਰ। **ਵਿਅੰਗੋਕਤੀ**- ਵਿਅੰਗ ਕਰਨ

ਦਾ ਤਰੀਕਾ। **ਸੋਹਨਿ**– ਸੋਭਦੀਆਂ। **ਮਾਂਗੀ**– ਕੇਸਾਂ ਦੇ ਵਿਚਕਾਰਲੇ ਚੀਰ ਵਿੱਚ। **ਕਾਤੀ**– ਕੈਂਚੀ ਨਾਲ਼। **ਮੁੰਨੀਅਨਿ**– ਮੁੰਨੇ ਜਾ ਰਹੇ ਹਨ। **ਗਲ ਵਿੱਚ**– ਮੂੰਹ ਵਿੱਚ। **ਧੂੜਿ**–ਮਿੱਟੀ। **ਹਦੂਰਿ**– (ਮਹਿਲਾਂ ਦੇ) ਨੇੜੇ ਭੀ। **ਘਣੀਅਰ**– ਬੱਦਲ਼। **ਤੁਬਕ**– ਛੋਟੀ ਬੰਦੂਕ। **ਪ੍ਰਤਿੱਗਿਆ**– ਪ੍ਰਣ। **ਹਤਾਸ਼**– ਦੁੱਖੀ। **ਰਾਠਨ**– ਅਮੀਰ। **ਰੰਕ**– ਗ਼ਰੀਬ। **ਭੂਪ**– ਰਾਜਾ। **ਬੈਰਕਾਂ**–ਝੰਡੇ। **ਲਸਣਿ**– ਲਿਸ਼ਕਦੇ। **ਭੀਹਾਵਲੇ**– ਡਰਾਉਣੇ। **ਬਾਵਲੇ**– ਝੱਲੇ। **ਗਦਾਂ**– ਗੁਰਜ। **ਸੁਇਨਾ**– ਸੋਨਾ। **ਡਾਵਲੇ**– ਰੇਤੇ ਵਿੱਚੋਂ ਸੋਨਾ ਚੁਗਣ ਵਾਲ਼ੇ। **ਪੰਖਣੂੰ**– ਪੰਛੀ। **ਹਸ਼ਰ**– ਕਿਆਮਤ, ਪਰਲੋ। **ਵਿਸਮਾਦ**– ਹੈਰਾਨਗੀ। **ਨਾਦ**– ਅਵਾਜ਼, ਰਾਗ। **ਸੰਯੋਗ**– ਮੇਲ਼। **ਵਿਯੋਗ**– ਵਿਛੋੜਾ। **ਭੋਗੁ**– ਪਦਾਰਥਾਂ ਦਾ ਵਰਤਣਾ। **ਜੀਅੜਿਆ**– ਜੀਵ–ਆਤਮਾ। **ਕਿਤੁ**– ਕਾਹਦੇ ਲਈ। **ਨੈਣ ਰੁੰਨੀ**– ਅੱਖਾਂ ਭਰ ਕੇ ਰੋਈ। **ਬਧਿਕਿ**– ਸ਼ਿਕਾਰੀ।

ਅਭਿਆਸ

(ੳ) ਖ਼ਾਲੀ ਸਥਾਨ ਭਰੋ-

1. ਰਸ ਮਾਨਣ ਵਾਲ਼ਾ ਵਿਅਕਤੀ _______ ਹੁੰਦਾ ਹੈ।
2. _______ ਭਾਵ ਰਸ ਦੀ ਬੁਨਿਆਦ ਹਨ।
3. _______ ਨੂੰ ਰਸਾਂ ਦਾ ਰਾਜਾ ਕਿਹਾ ਜਾਂਦਾ ਹੈ।
4. ਕਰੋਧ ਵਿੱਚ ਮਨੁੱਖ ਦਾ ਵਿਵੇਕ_______ ਹੁੰਦਾ ਹੈ।
5. ਭਿਆਨਕ ਰਸ ਦਾ ਸਥਾਈ ਭਾਵ_______ ਹੈ।

(ਅ) ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ-

1. ਵਿਭਾਵ ਦੀਆਂ ਕਿਸਮਾਂ ਦੇ ਨਾਂ ਦੱਸੋ।
2. ਰਸ ਕਿੰਨੇ ਪ੍ਰਕਾਰ ਦੇ ਮੰਨੇ ਗਏ ਹਨ?
3. ਕਰੁਣ–ਰਸ ਦਾ ਸਥਾਈ ਭਾਵ ਦੱਸੋ।
4. 'ਚੰਡੀ ਦੀ ਵਾਰ' ਕਿਹੜੇ ਰਸ ਦਾ ਉੱਤਮ ਨਮੂਨਾ ਹੈ?
5. ਸਥਾਈ ਭਾਵ ਜਾਗਣ ਤੋਂ ਪਿੱਛੋਂ ਦੀਆਂ ਵਿਭਿੰਨ ਚੇਸ਼ਟਾਵਾਂ ਨੂੰ ਕੀ ਕਹਿੰਦੇ ਹਨ?

(ੲ) ਵਿਸਤਾਰ ਸਹਿਤ ਉੱਤਰ ਦਿਓ-

1. 'ਰਸ ਸਾਹਿਤ ਦੀ ਆਤਮਾ ਹੈ।' ਇਸ ਕਥਨ ਦੀ ਪੁਸ਼ਟੀ ਕਰਦੇ ਹੋਏ ਕਵਿਤਾ ਵਿੱਚ ਰਸ ਦੀ ਮਹਾਨਤਾ ਬਾਰੇ ਬਿਆਨ ਕਰੋ।
2. ਰਸ ਤੋਂ ਕੀ ਭਾਵ ਹੈ? ਇਹ ਗਿਣਤੀ ਵਿੱਚ ਕਿੰਨੇ ਹਨ? ਇਹਨਾਂ ਦੇ ਲੱਛਣ ਉਦਾਹਰਨਾਂ ਸਹਿਤ ਲਿਖੋ।
3. ਆਪਣੀ ਪਾਠ-ਪੁਸਤਕ ਵਿੱਚੋਂ ਬੀਰ-ਰਸ ਕਵਿਤਾ ਦੀ ਉਦਾਹਰਨ ਦਿਓ ਤੇ ਦੱਸੋ ਕਿ ਇਹ ਬੀਰ-ਰਸ ਕਿਵੇਂ ਹੈ?
4. ਹੇਠ ਲਿਖੇ ਰਸਾਂ ਬਾਰੇ ਉਦਾਹਰਨਾਂ ਸਹਿਤ ਲਿਖੋ-

   ਸ਼ਿੰਗਾਰ-ਰਸ, ਰੌਦਰ-ਰਸ, ਭਿਆਨਕ ਰਸ, ਬੀਭਤਸ-ਰਸ, ਅਦਭੁੱਤ-ਰਸ, ਸ਼ਾਂਤ-ਰਸ, ਬੀਰ-ਰਸ।
5. ਹੇਠ ਲਿਖੇ ਕਾਵਿ-ਬੰਦ ਵਿੱਚ ਕਰੁਣ-ਰਸ ਹੈ। ਇਹ ਦੱਸੋ ਕਿ ਇਹ ਕਰੁਣ-ਰਸ ਕਿਵੇਂ ਹੈ?

   "ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੇ ਕਬਰਾਂ ਵਿੱਚੋਂ ਬੋਲ
   ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ
   ਇੱਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ
   ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ
   ਵੇ ਦਰਦਮੰਦਾਂ ਦਿਆਂ ਦਰਦੀਆਂ! ਉੱਠ ਤੱਕ ਆਪਣਾ ਪੰਜਾਬ
   ਅੱਜ ਬੇਲੇ ਲਾਸ਼ ਵਿਛੀਆਂ ਤੇ ਲਹੂ ਦੀ ਭਰੀ ਚਨਾਬ।"